33

ਜੈ ਗੁਰੂਦੇਵ !

ਧੰਨ ਗੁਰੂਦੇਵ !



ਇਕ ਸਾਧੂ ਗੁਰੂ ਰਵਿਦਾਸ ਜੀ ਨੂੰ ਪਾਰਸ ਦੀ ਪੇਸ਼ਕਸ਼ ਕਰਦੇ ਹੋਏ

ਟ੍ਰੈਕਟ ਨੰਬਰ 33

# ਪਾਰਸ ਮੋਰੇ ਹਰਿ ਕੋ ਨਾਮੁ


ਪ੍ਰਕਾਸ਼ਕ : ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.)

ਮੋਬਾਇਲ - 98148-39944 (ਰਜਿ. ਨੰ. 179-2006-07)


ਮੁੱਖ ਦਫਤਰ - ਪਿੰਡ ਬਿਨਪਾਲਕੇ, ਨੇੜੇ ਭੋਗਪੁਰ, ਜ਼ਿਲ੍ਹਾ ਜਲੰਧਰ

ਟ੍ਰੈਕਟ ਨੰ. 33/ ਪਹਿਲੀ ਵਾਰ 6000/ ਜਨਵਰੀ 2020 / ਕੀਮਤ : ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ

# ਵਿਸ਼ਵ ਸ਼ਾਂਤੀ ਸੰਵਿਧਾਨ ਦੇ ਨਿਰਮਾਤਾ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 643ਵੇਂ ਆਗਮਨ ਪੁਰਬ ਦੀ ਲੱਖ-ਲੱਖ ਵਧਾਈ


ਐਡਵੋਕੇਟ ਪ੍ਰੋ. ਲਾਲ ਸਿੰਘ
ਲੁਧਿਆਣਾ


ਰਿਟਾ. ਪੋਸਟ ਮਾਸਟਰ
ਸੰਤ ਤੋਤਾ ਮੱਲ ਮਲੇਰਕੋਟਲਾ


ਸ. ਮਹਿੰਦਰ ਸਿੰਘ
ਭੋਗਪੁਰ


ਸ੍ਰੀ ਜੋਗਿੰਦਰ ਪਾਲ
ਪਿੰਡ ਪਨਾਮ (ਹੁਸ਼ਿਆਰਪੁਰ)


ਕੈਪਟਨ ਗੁਰਬਖ਼ਸ਼ ਸਿੰਘ
ਹਰੀਪੁਰ (ਆਦਮਪੁਰ)


ਸ੍ਰੀ ਹਰਜੀਤ ਰਾਮ
ਦਰਾਵਾਂ


ਮਾਸਟਰ ਰਾਮ ਕਿਸ਼ਨ
ਰਾਸਤਗੋ


ਸੂਬੇਦਾਰ ਮੇਜਰ ਪਿਆਰੇ
ਲਾਲ ਗ੍ਰੈਜੂਏਟ (ਚੁਖਿਆਰਾ)


ਸੂਬੇਦਾਰ ਹੰਸ ਰਾਜ
(ਭੋਗਪੁਰ)


ਗੁਰਮੇਲ ਸਿੰਘ
ਬਜਰੌਰ


ਸ਼ਿਵ ਦਿਆਲ ਸਿੰਘ
ਅਨਜਾਣ (ਧੋਗੜੀ)


ਮਾ: ਸੁਰਤੀ ਲਾਲ
ਮਾਧੋਪੁਰ


ਮਹਿੰਦਰ ਸੰਧੂ
ਮਹੇੜੂ


ਰਾਮ ਸਿੰਘ
ਦਕੋਹਾ


ਮਨਜੀਤ ਸਿੰਘ
ਚੁਖਿਆਰਾ (ਜਲੰਧਰ)


ਸੋਮ ਨਾਥ ਸੀ.ਆਰ.ਪੀ.ਐਫ.
ਸਿਕੰਦਰਪੁਰ (ਅਲਾਵਲਪੁਰ)


ਮਨਜੀਤ ਸਿੰਘ
ਧੁਧਿਆਲ


ਸ਼ਰਨਦੀਪ
ਦਰਾਵਾਂ



ਹਰਜਿੰਦਰ ਪਾਲ
ਗੇਹਲੜਾਂ


ਏ.ਐਸ.ਆਈ. ਸਤਨਾਮ ਸਿੰਘ
ਬਿਨਪਾਲਕੇ


ਅਮਰੀਕ ਸਿੰਘ
ਬਿਨਪਾਲਕੇ


ਸ੍ਰੀ ਅਮਰਜੀਤ ਸਿੰਘ
ਖਰਲ


ਮਾਸਟਰ ਪ੍ਰਭਜੀਤ
ਬਾਂਸਲ ਮਾਧੋਪੁਰ


ਸ੍ਰੀ ਸੰਦੀਪ ਸਿੰਘ
ਟੋਹਾਣਾ (ਹਰਿਆਣਾ)


ਮਾਸਟਰ ਬਲਜਿੰਦਰ ਸਿੰਘ
ਖਾਨਪੁਰ ਸਹੋਤਾ

# ਸੰਸਥਾ ਦੇ ਅੱਗੇ ਵਧਦੇ ਕਦਮ



ਰਛਪਾਲ ਸਿੰਘ ਬੱਧਣ (ਚੇਅਰਮੈਨ)
ਐਨ.ਬੀ. 180, ਪ੍ਰੀਤ ਨਗਰ ਸੋਦਲ ਰੋਡ ਜਲੰਧਰ, 94176-10120

ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.) 1998 ਤੋਂ ਗੁਰੂ ਸਾਹਿਬਾਨਾਂ ਦੀ ਬਾਣੀ ਅਤੇ ਵਿਚਾਰਧਾਰਾ ਦੇ ਪ੍ਰਚਾਰ ਲਈ ਯਤਨਸ਼ੀਲ ਹੈ। ਤੀਹ ਹਜ਼ਾਰ ਦੇ ਕਰੀਬ ਗੁਰਬਾਣੀ ਦੇ ਗੁਟਕਾ ਸਾਹਿਬ, ਡੇਢ ਲੱਖ ਟ੍ਰੈਕਟ, ਵੀਹ ਹਜ਼ਾਰ ਕੈਲੰਡਰ, ਪੰਦਰਾਂ ਹਜ਼ਾਰ ਹੋਰ ਧਾਰਿਮਕ ਕਿਤਾਬਾਂ ਪ੍ਰਕਾਸ਼ਿਤ ਕਰਕੇ ਸੰਗਤਾਂ ਨੂੰ ਭੇਟ ਕਰ ਚੁੱਕੀ ਹੈ। ਇਸ ਤੋਂ ਇਲਾਵਾ ਸੰਸਥਾ ਹੋਰ ਬਹੁਤ ਸਾਰੀ ਪ੍ਰਚਾਰ ਸਮੱਗਰੀ ਜਿਨ੍ਹਾਂ ਵਿੱਚ ਫਲੈਕਸ ਬੋਰਡ, ਪੋਸਟਰ, ਝੰਡੀਆਂ, ਸਿਰੋਪਾਓ ਸਾਹਿਬ, ਪਟਕੇ ਅਤੇ ਹੋਰ ਸਮੱਗਰੀ ਪ੍ਰਿੰਟ ਕਰਕੇ ਸੰਗਤਾਂ ਨੂੰ ਭੇਟ ਕਰਦੀ ਹੈ। ਵਟਸਐਪ ਅਤੇ ਫੇਸਬੁੱਕ ਦੇ ਜ਼ਰੀਏ ਵੀ ਸੰਸਥਾ ਸੰਗਤਾਂ ਨੂੰ ਸਤਿਗੁਰੂ ਜੀ ਦੀ ਵਿਚਾਰਧਾਰਾ ਨਾਲ ਜੋੜਦੀ ਹੈ।

ਸੋਸ਼ਲ ਮੀਡੀਆ ਦੁਆਰਾ ਪ੍ਰਚਾਰ ਵਿੱਚ ਵਾਧਾ ਕਰਦਿਆਂ ਸੰਸਥਾ ਦੀ ਆਪਣੀ ਵੈੱਬਸਾਈਟ **www.begumpuramission.com** ਸਤਿਗੁਰੂ ਨਾਮਦੇਵ ਜੀ ਦੇ ਪ੍ਰਕਾਸ਼ ਦਿਹਾੜੇ 26 ਅਕਤੂਬਰ 2019 ਨੂੰ ਕੌਮ ਦੇ ਪ੍ਰਸਿੱਧ ਵਿਦਵਾਨ ਐਡਵੋਕੇਟ ਪ੍ਰੋਫੈਸਰ ਲਾਲ ਸਿੰਘ ਲੁਧਿਆਣਾ ਦੇ ਕਰ ਕਮਲਾਂ ਨਾਲ ਲਾਂਚ ਕੀਤੀ ਹੈ। ਜਿਸ ਵਿੱਚ ਆਦਿਵਾਸੀ ਰਹਿਬਰਾਂ ਦੇ ਜੀਵਨ, ਬਾਣੀ ਅਤੇ ਵਿਚਾਰਧਾਰਾ ਦਾ ਕੁਦਰਤੀ ਨੇਮਾਂ, ਵਿਗਿਆਨਕ ਨਜ਼ਰੀਏ ਅਤੇ ਕ੍ਰਾਂਤੀਕਾਰੀ ਸੋਚ ਨਾਲ ਵਰਨਣ ਕੀਤਾ ਗਿਆ ਹੈ। ਡਾ. ਭੀਮ ਰਾਓ ਅੰਬੇਡਕਰ ਜੀ ਦੇ ਜੀਵਨ ਨਾਲ ਸਬੰਧਤ ਬਹੁਤ ਸਾਰਾ ਲਿਟਰੇਚਰ ਉਪਲੱਬਧ ਕਰਵਾਇਆ ਜਾ ਰਿਹਾ ਹੈ। ਐਜੂਕੇਸ਼ਨ, ਬਿਜ਼ਨੈੱਸ ਅਤੇ ਕੈਰੀਅਰ ਨਾਲ ਸਬੰਧਤ ਜਾਣਕਾਰੀ ਵੀ ਹੋਵੇਗੀ। ਤੁਸੀਂ ਗੁਰੂ ਰਵਿਦਾਸ ਕੈਲੰਡਰ, ਆਦਿਵਾਸੀ ਕੈਲੰਡਰ ਅਤੇ ਗਜ਼ਟਿਡ ਛੁੱਟੀਆਂ ਦੇਖ ਸਕਦੇ ਹੋ। ਇੱਥੇ ਤੁਸੀਂ ਆਪਣੀਆਂ ਧਾਰਮਿਕ ਅਤੇ ਸਮਾਜਿਕ ਜਾਗਰੂਕਤਾ ਨਾਲ ਸਬੰਧਤ ਯਾਦਗਾਰੀ ਤਸਵੀਰਾਂ ਵੀ ਅਪਲੋਡ ਕਰ ਸਕਦੇ ਹੋ। ਗੁਰਬਾਣੀ, ਵਿਆਖਿਆ ਅਤੇ ਲੇਖ ਤੁਸੀਂ ਡਾਊਨਲੋਡ ਕਰਕੇ ਪ੍ਰਚਾਰ ਲਈ ਸ਼ੇਅਰ, ਪ੍ਰਿੰਟ, ਅਤੇ ਆਪਣੀਆਂ ਅਖ਼ਬਾਰਾਂ ਮੈਗਜ਼ੀਨਾਂ ਵਿੱਚ ਛਾਪ ਵੀ ਸਕਦੇ ਹੋ। ਸੰਸਥਾ ਨੇ ਗੁਰੂ ਸਾਹਿਬਾਨਾਂ ਦੇ ਨਗਰ ਕੀਰਤਨ ਸਜਾਉਣ ਵਾਸਤੇ ਬੱਸ ਪਾਲਕੀ ਸਾਹਿਬ ਵੀ ਖਰੀਦ ਲਈ ਹੈ, ਜੋ ਬਹੁਤ ਹੀ ਘੱਟ ਖਰਚੇ ਤੇ ਦਿੱਤੀ ਜਾਂਦੀ ਹੈ। ਸੰਸਥਾ ਹੋਰ ਵੀ ਬਹੁਤ ਸਾਰੇ ਉੱਦਮ ਕਰਦੀ ਹੈ। ਬਹੁਤ ਸਾਰੇ ਪਲੈਨ ਵਿਚਾਰ ਅਧੀਨ ਹਨ। ਸੰਸਥਾ ਕੋਲ ਗੁਰਬਾਣੀ ਦੇ ਗੁਟਕਾ ਸਾਹਿਬ ਅਤੇ ਕਿਤਾਬਾਂ ਖ਼ਤਮ ਹੋ ਚੁੱਕੀਆਂ ਹਨ ਜਦਕਿ ਸੰਗਤਾਂ ਦੀ ਵਾਰ ਵਾਰ ਮੰਗ ਆ ਰਹੀ ਹੈ ਇਸ ਕਰਕੇ ਆਪ ਜੀ ਨੂੰ ਬੇਨਤੀ ਹੈ ਕਿ ਸੰਸਥਾ ਦੇ ਸਹਿਯੋਗੀ ਮੈਂਬਰ ਬਣ ਕੇ ਆਪਣੇ ਅਮੁਲਕ ਵਿਚਾਰ ਦਿਓ ਅਤੇ ਸੰਸਥਾ ਨੂੰ ਵੱਧ ਤੋਂ ਵੱਧ ਆਰਥਿਕ ਸਹਿਯੋਗ ਦੇਵੋ ਜੀ।

ਅਸੀਂ ਇਸ ਮੁਫ਼ਤ ਸਾਹਿਤ ਨੂੰ ਹੋਰ ਜ਼ਿਆਦਾ ਗਿਣਤੀ ਵਿਚ ਛਪਵਾ ਕੇ ਸੰਗਤਾਂ ਤੱਕ ਪਹੁੰਚਾਉਣਾ ਚਾਹੁੰਦੇ ਹਾਂ। ਇਸ ਕਰਕੇ ਤੁਹਾਡੇ ਵੱਲੋਂ ਮਾਇਕ ਸਹਾਇਤਾ ਦੀ ਲੋੜ ਹੈ। ਕ੍ਰਿਪਾ ਕਰਕੇ ਆਪਣੀ ਕਿਰਤ ਵਿਚੋਂ ਕੁਝ ਭੇਟਾ ਸੰਸਥਾ ਨੂੰ ਵੀ ਦਿਉ ਜੀ। ਸੰਸਥਾ ਦਾ ਅਕਾਊਂਟ ਵੇਰਵਾ ਹੇਠ ਲਿਖੇ ਅਨੁਸਾਰ ਹੈ :-

**SRI GURU RAVIDASS MISSION PARCHAR SANSTHA PUNJAB (Regd.)**

**V.P.O. BINPALKE, VIA. BHOGPUR, DISTT. JAL.**
**ACCOUNT NO. 32717505525**
**STATE BANK OF INDIA (BHOGPUR)**
**IFS Code No. SBIN0010122**

ਐਡਵੋਕੇਟ ਪ੍ਰੋ. ਲਾਲ ਸਿੰਘ ਲੁਧਿਆਣਾ
94175-57751



ਨਾਥ ਕਛੂਅ ਨ ਜਾਨਉ ॥
ਮਨੁ ਮਾਇਆ ਕੈ ਹਾਥਿ ਬਿਕਾਨਉ ॥੧॥ ਰਹਾਉ ॥
ਤੁਮ ਕਹੀਅਤ ਹੌ ਜਗਤ ਗੁਰ ਸੁਆਮੀ ॥
ਹਮ ਕਹੀਅਤ ਕਲਿਜੁਗ ਕੇ ਕਾਮੀ ॥੧॥
ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ ॥
ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ ॥੨॥
ਜਤ ਦੇਖਉ ਤਤ ਦੁਖ ਕੀ ਰਾਸੀ ॥
ਅਜੌਂ ਨ ਪਤ੍ਯ੍ਯਾਇ ਨਿਗਮ ਭਏ ਸਾਖੀ ॥੩॥
ਗੋਤਮ ਨਾਰਿ ਉਮਾਪਤਿ ਸ੍ਵਾਮੀ ॥
ਸੀਸੁ ਧਰਨਿ ਸਹਸ ਭਗ ਗਾਂਮੀ ॥੪॥
ਇਨ ਦੂਤਨ ਖਲੁ ਬਧੁ ਕਰਿ ਮਾਰਿਓ ॥
ਬਡੋ ਨਿਲਾਜੁ ਅਜਹੂ ਨਹੀ ਹਾਰਿਓ ॥੫॥
ਕਹਿ ਰਵਿਦਾਸ ਕਹਾ ਕੈਸੇ ਕੀਜੈ ॥
ਬਿਨੁ ਰਘੁਨਾਥ ਸਰਨਿ ਕਾ ਕੀ ਲੀਜੈ ॥੬॥੧॥ (ਪੰਨਾ 710)

**ਸ਼ਬਦ ਅਰਥ** - ਗੁਰੂ ਰਵਿਦਾਸ ਜੀ ਆਪਣੀ ਸਮੱਸਿਆ ਦਾ ਉਲੇਖ ਕਰਦੇ ਸਪੱਸਟ ਕਰਦੇ ਹਨ ਕਿ ਹੇ ਨਾਥ! ਹੇ ਪ੍ਰਭ ਮੈਨੂੰ ਕੁਝ ਨਹੀਂ ਪਤਾ, ਮੈਂ ਅਗਿਆਨੀ ਹਾਂ। ਮੇਰਾ ਮਨ ਮਾਇਆ ਦੇ ਹੱਥੀਂ ਬੁਰੀ ਤਰ੍ਹਾਂ ਵਿਕ ਚੁੱਕਿਆ ਹੈ।(1)

ਹੇ ਪ੍ਰਭ ਤੁਸੀਂ ਜਗਤ ਦੇ ਗੁਰੂ ਅਤੇ ਸ੍ਰਿਸ਼ਟੀ ਦੇ ਸਿਰਜਣਹਾਰ ਹੋ ਅਤੇ ਅਸੀਂ ਕਲਜੁਗੀ ਅਰਥਾਤ ਭੈੜੇ ਵਿਸ਼ਈ ਜੀਵ ਹਾਂ। ਇਸ ਤਰ੍ਹਾਂ ਗੁਰੂ ਜੀ ਵੱਲੋਂ ਮਾਇਆ ਦੇ ਨਾਲ ਪਾਪੀ ਜੀਵਾਂ ਦਾ ਵੀ ਜ਼ਿਕਰ ਕਰ ਦਿੱਤਾ ਹੈ।(1)

ਮਾਇਆ ਦੇ ਇਨ੍ਹਾਂ ਪੰਜਾਂ ਦੂਤਾਂ ਕਾਮ, ਕਰੋਧ ਆਦਿ ਨੇ ਮੇਰੇ ਮਨ ਨੂੰ ਏਨਾ ਮਲੀਨ ਕਰ ਦਿੱਤਾ ਹੈ ਕਿ ਮੈਂ ਹਰ ਛਿਣ ਪ੍ਰਭ ਤੋਂ ਦੂਰ ਹੁੰਦਾ ਜਾ ਰਿਹਾ ਹਾਂ। ਗੁਰੂ ਜੀ ਵੱਲੋਂ ਮਾਇਆ ਦੀ ਮਾਰੂ ਸ਼ਕਤੀ ਦੇ ਪ੍ਰਭਾਵ ਨੂੰ ਸਪੱਸ਼ਟ ਕੀਤਾ ਗਿਆ ਹੈ।(2)

ਇਨ੍ਹਾਂ ਵਿਕਾਰਾਂ ਦੀ ਵਿਕਰਾਲ ਸ਼ਕਤੀ ਕਾਰਨ ਮੈਂ ਜਿੱਧਰ ਵੀ ਦੇਖਦਾ ਹਾਂ ਉਧਰ ਹੀ ਲੁਕਾਈ ਦੁੱਖਾਂ ਵਿੱਚ ਤੜਪ ਰਹੀ ਦਿਸਦੀ ਹੈ। ਇਸ ਤਰ੍ਹਾਂ ਸੰਸਾਰ ਦੁੱਖਾਂ ਦਾ ਘਰ ਬਣਿਆ ਹੋਇਆ ਹੈ । ਫਿਰ ਵੀ ਮੇਰੇ ਮਨ ਨੂੰ ਵਿਸ਼ਵਾਸ ਨਹੀਂ ਆਇਆ, ਜਦਕਿ ਹਿੰਦੂ ਧਰਮ ਦੇ ਵੇਦ ਆਦਿਕ ਗ੍ਰੰਥ ਵੀ ਇਸ ਦੀ ਗਵਾਹੀ ਭਰਦੇ ਹਨ।(3)

ਗੁਰੂ ਜੀ ਸਪੱਸ਼ਟ ਕਰਦੇ ਹਨ ਕਿ ਹਿੰਦੂ ਧਰਮ ਗ੍ਰੰਥਾਂ ਵਿੱਚ ਉਪਲੱਬਧ ਗਵਾਹੀਆਂ ਸਮੱਸਿਆ ਦੀ

ਭਿਆਨਕਤਾ ਅਤੇ ਗੰਭੀਰਤਾ ਨੂੰ ਦ੍ਰਿੜ ਕਰਦੀਆਂ ਹਨ।

**ਪਹਿਲੀ ਗਵਾਹੀ** - ਅਹਿਲਿਆ ਦਾ ਆਪਣੇ ਪਤੀ ਗੌਤਮ ਨਾਲ ਛੱਲ ਕਰਨਾ (ਮਾਇਆ)। **ਦੂਜੀ ਗਵਾਹੀ** - ਹੰਕਾਰੀ ਭਗਵਾਨ ਸ਼ਿਵ ਦੀ। **ਤੀਜੀ ਗਵਾਹੀ** - ਕਾਮੀ ਭਗਵਾਨ ਬ੍ਰਹਮਾ ਦੀ। **ਚੌਥੀ ਗਵਾਹੀ** - ਵਿਭਚਾਰੀ ਇੰਦਰ ਦੇਵਤੇ ਦੀ। **ਪੰਜਵੀਂ ਗਵਾਹੀ** - ਕ੍ਰੋਧੀ ਗੌਤਮ ਰਿਸ਼ੀ ਦੀ ਹੈ।

ਇਨ੍ਹਾਂ ਪੰਜਾਂ ਗਵਾਹੀਆਂ ਨੂੰ ਪੜ੍ਹ ਕੇ ਪੰਜਾਂ ਵਿਕਾਰਾਂ ਦੀ ਵਿਕਰਾਲ ਸ਼ਕਤੀ ਦੀ ਭਿਆਨਕਤਾ ਦਾ ਗਿਆਨ ਹੋ ਜਾਂਦਾ ਹੈ ਕਿ ਅਖੌਤੀ ਭਗਵਾਨਾਂ, ਦੇਵਤਿਆਂ, ਰਿਸ਼ੀਆਂ ਆਦਿ ਨੂੰ ਵੀ ਵਿਕਾਰਾਂ ਨੇ ਬੁਰੀ ਤਰ੍ਹਾਂ ਖੁਆਰ ਕੀਤਾ ਹੈ। ਫਿਰ ਆਮ ਮਨੁੱਖ ਦੀ ਕੀ ਵੁਕਤ ਰਹਿ ਜਾਂਦੀ ਹੈ? (4)

ਗੁਰੂ ਜੀ ਉਪਰੋਕਤ ਭਿਆਨਕਤਾ ਨੂੰ ਦੱਸਦਿਆਂ ਆਪਣੇ ਮਨ ਨੂੰ ਕੋਸਦੇ ਹਨ ਕਿ ਮਾਇਆ ਦੇ ਇਨ੍ਹਾਂ ਪੰਜਾਂ ਵਿਕਾਰਾਂ ਨੇ ਮੇਰੇ ਮੂਰਖ ਮਨ ਨੂੰ ਬੰਨ੍ਹ ਕੇ ਕਾਬੂ ਕੀਤਾ ਹੋਇਆ ਹੈ। ਪਰ ਇਹ ਬੜਾ ਬੇ-ਪਰਵਾਹ ਹੈ। ਭਗਵਾਨਾਂ, ਦੇਵਤਿਆਂ, ਰਿਸ਼ੀਆਂ ਆਦਿ ਦਾ ਬੁਰਾ ਹਾਲ ਦੇਖ ਕੇ ਵੀ ਇਨ੍ਹਾਂ ਵਿਕਾਰਾਂ ਦਾ ਖਹਿੜਾ ਨਹੀਂ ਛੱਡਦਾ।(5)

ਆਖ਼ਰ ਗੁਰੂ ਜੀ ਇਨ੍ਹਾਂ ਵਿਕਾਰਾਂ ਤੋਂ ਛੁਟਕਾਰਾ ਪਾਉਣ ਲਈ ਬ੍ਰਹਮ ਗੁਰੂ ਦੀ ਸ਼ਰਨ ਲੈਂਦੇ ਹਨ। ਉਹ ਆਪਣੇ ਆਪ ਨੂੰ ਸੰਬੋਧਨ ਕਰਦੇ ਕਹਿੰਦੇ ਹਨ :- ਦੱਸ ਰਵਿਦਾਸ ਹੁਣ ਮੈਂ ਕਿੱਥੇ ਜਾਵਾਂ ? ਕੀ ਕਰਾਂ ? ਆਪ ਹੀ ਉੱਤਰ ਦਿੰਦੇ ਸਪੱਸ਼ਟ ਕਰਦੇ ਹਨ ਕਿ ਹੁਣ ਤਾਂ ਵਿਕਾਰਾਂ ਤੋਂ ਛੁਟਕਾਰਾ ਪਾਉਣ ਲਈ ਬ੍ਰਹਮ ਗੁਰੂ ਤੋਂ ਬਿਨਾਂ ਹੋਰ ਕੋਈ ਸਹਾਰਾ ਨਹੀਂ ਹੈ।(6)

## ਇਹ ਸ਼ਬਦ ਸਪੱਸ਼ਟ ਕਰਦਾ ਹੈ ਕਿ ਗੁਰੂ ਰਵਿਦਾਸ ਜੀ ਦੇ ਗੁਰੂ ਕੌਣ ਹਨ?

ਇਸ ਸ਼ਬਦ ਵਿੱਚ ਗੁਰੂ ਰਵਿਦਾਸ ਜੀ ਨੇ ਆਪਣੇ ਗੁਰੂ ਬਾਰੇ ਬੜੀ ਦ੍ਰਿੜਤਾ ਨਾਲ ਪ੍ਰਪੱਕ ਕੀਤਾ ਹੈ ਕਿ ਬ੍ਰਹਮ ਗੁਰੂ ਹੀ ਉਨ੍ਹਾਂ ਦੇ ਗੁਰੂ ਹਨ। ਇਹ ਤੱਥ ਜੈਤਸਰੀ ਦੇ ਸਿਧਾਂਤ ਅਨੁਸਾਰ ਵੀ ਦ੍ਰਿੜ੍ਹ ਹੋ ਜਾਂਦਾ ਹੈ। ਹੁਣ ਅਸੀਂ ਇਸ ਦ੍ਰਿਸ਼ਟੀਕੋਣ ਤੋਂ ਰਾਗ ਜੈਤਸਰੀ ਅਤੇ ਇਸ ਸ਼ਬਦ ਦਾ ਅਧਿਐਨ ਕਰਦੇ ਹਾਂ।

ਇਹ ਸ਼ਬਦ ਰਾਗ ਜੈਤਸਰੀ ਵਿੱਚ ਸਿਰਜਿਆ ਗਿਆ ਹੈ। ਜੈਤਸਰੀ ਦਾ ਪ੍ਰਭਾਵ ਸੁੱਖ ਅਤੇ ਖ਼ੁਸ਼ੀ ਦੇਣ ਵਾਲਾ ਹੈ। ਖ਼ੁਸ਼ੀ ਲੈਣ ਲਈ ਮਨ ਨੂੰ ਆਲਸੀਆਂ, ਉਘਲਾਨਾ ਵਾਲਾ ਸੁਭਾਅ ਛੱਡ ਹਿਰਦੇ ਵਿੱਚ ਰਤਨ ਨਾਮ ਵਸਾ ਕੇ ਗੁਰੂ ਬਖ਼ਸ਼ਿਸ਼ ਲੈਣੀ ਪੈਂਦੀ ਹੈ।

ਇਸ ਦੇ ਦੋ ਵਿਚਾਰ ਹਨ :-

1. ਪ੍ਰਭਾਵ , ਸੁੱਖ ਅਤੇ ਆਨੰਦ ਦੇਣ ਵਾਲਾ।
2. ਆਨੰਦ ਪ੍ਰਾਪਤੀ ਲਈ ਗੁਰੂ ਦੀ ਬਖ਼ਸ਼ ਜ਼ਰੂਰੀ ਹੈ।

ਇਸ ਸ਼ਬਦ ਵਿੱਚ ਗੁਰੂ ਰਵਿਦਾਸ ਜੀ ਸੁਖ ਤੇ ਆਨੰਦ ਪ੍ਰਾਪਤੀ ਲਈ, ਵਿਕਾਰਾਂ ਤੋਂ ਛੁਟਕਾਰਾ ਪਾਉਣ ਲਈ ਅਤੇ ਬ੍ਰਹਮ ਗੁਰੂ ਦੀ ਬਖਸ਼ਿਸ਼ ਦੀ ਪ੍ਰਾਪਤੀ ਲਈ ਉਸ ਦੀ ਸ਼ਰਨ ਵਿਚ ਜਾਂਦੇ ਹਨ।

ਇਸ ਤਰ੍ਹਾਂ ਇਸ ਸ਼ਬਦ ਦੁਆਰਾ ਸੁੱਖ ਤੇ ਆਨੰਦ ਦੀ ਪ੍ਰਾਪਤੀ ਲਈ ਅਤੇ ਪ੍ਰਭੂ ਨੂੰ ਪਾਉਣ ਲਈ ਬ੍ਰਹਮ ਗੁਰੂ ਦੀ ਸ਼ਰਨ ਵਿਚ ਜਾਣ ਲਈ ਸੰਕੇਤ ਦੇਣ ਰਾਗ ਜੈਤਸਰੀ ਦੀ ਬੁਨਿਆਦੀ ਲੋੜ ਨੂੰ ਪੂਰਾ ਕਰਦਾ ਹੈ।

ਇਸ ਸ਼ਬਦ ਦੇ ਵਿਚਾਰ ਵਿਧਾਨ ਵਿੱਚ ਵਿਕਸਤ ਵਿਚਾਰਧਾਰਾ ਰਾਗ ਜੈਤਸਰੀ ਦੀ ਅਗਵਾਈ ਅਧੀਨ ਸਿਰਜੀ ਗਈ ਹੈ। ਸਿਧਾਂਤਕ ਤੌਰ ਤੇ ਰਾਗ ਜੈਤਸਰੀ ਦੀ ਵਿਗਿਆਨ ਅਤੇ ਵਿਚਾਰਧਾਰਕ ਸੰਰਚਨਾ ਨੇ ਗੁਰੂ ਰਵਿਦਾਸ ਜੀ ਦੀ ਬ੍ਰਹਮ-ਗੁਰੂ ਦੀ ਸ਼ਰਨ ਵਿੱਚ ਜਾਣ ਦੀ ਘਟਨਾ ਨੂੰ ਵਿਗਿਆਨਕ ਤੌਰ 'ਤੇ ਉਜਾਗਰ ਕੀਤਾ ਹੈ। ਗੁਰੂ ਜੀ ਨੇ ਵਿਕਾਰਾਂ ਨੂੰ ਕਾਬੂ ਕਰਨ ਹਿੱਤ ਬ੍ਰਹਮ-ਗਿਆਨ ਦੀ ਪ੍ਰਾਪਤੀ ਲਈ ਕੇਵਲ

ਤੇ ਕੇਵਲ 'ਬ੍ਰਹਮ-ਗੁਰੂ' ਨੂੰ ਹੀ ਗੁਰੂ ਪ੍ਰਵਾਨ ਕਰਕੇ ਉਸ ਦੀ ਸ਼ਰਨ ਲਈ ਹੈ। ਸੋ ਗੁਰੂ ਰਵਿਦਾਸ ਜੀ ਦੇ ਗੁਰੂ ਬ੍ਰਹਮ-ਗੁਰੂ ਹੀ ਹਨ।

ਇਸ ਸ਼ਬਦ ਵਿੱਚ ਆਈ ਵਿਚਾਰਧਾਰਾ ਅਤੇ ਰਾਗ ਜੈਤਸਰੀ ਦੇ ਸਿਧਾਂਤਕ ਅਤੇ ਵਿਚਾਰਧਾਰਕ ਪ੍ਰਭਾਵ ਦੋਹਾਂ ਦੇ ਮਿਲਾਪ ਨੇ ਪ੍ਰਪੱਕ ਵਿਗਿਆਨਕ ਆਧਾਰ ਦੇ ਕੇ ਇਸ ਤੱਥ ਨੂੰ ਦ੍ਰਿੜ ਕੀਤਾ ਹੈ ਕਿ ਬ੍ਰਹਮ-ਗੁਰੂ ਭਾਵ ਪਾਰਬ੍ਰਹਮ ਪਰਮਾਤਮਾ ਹੀ ਗੁਰੂ ਰਵਿਦਾਸ ਜੀ ਦੇ ਗੁਰੂ ਹਨ।

ਨੋਟ - ਹੋਰ ਜਾਣਕਾਰੀ ਲਈ ਪੜ੍ਹੋ ਲੇਖਕ ਦੀ ਪੁਸਤਕ ਸ੍ਰੀ ਗੁਰੂ ਰਵਿਦਾਸ ਜੀ ਉਨ੍ਹਾਂ ਦੇ ਗੁਰੂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ।

# ਪਰਚੀ ਅਨੰਤਦਾਸ : ਗੁਰੂ ਰਵਿਦਾਸ ਜੀ ਦੀਆਂ ਜੀਵਨ ਝਲਕਾਂ



ਰੂਪ ਲਾਲ ਰੂਪ, ਰਿਟਾ. ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਪਿੰਡ ਭੇਲਾਂ ਡਾਕਖਾਨਾ ਨਾਜਕਾ (ਜਲੰਧਰ), ਮੋ. 94652-29722, 94652-25722

ਅਨੰਤਦਾਸ ਦਾ ਜਨਮ 1550 ਈ: ਵਿਚ ਹੋਇਆ। ਉਹ ਜਾਤੀ ਦਾ ਬ੍ਰਹਮਣ ਅਤੇ ਆਪਣੇ ਸਮੇਂ ਦਾ ਮੰਨਿਆ ਦੰਨਿਆ ਵਿਦਵਾਨ ਕਵੀ ਸੀ। ਉਸ ਨੇ ਭਗਤੀ ਲਹਿਰ ਦੇ 8 ਸਿਰਮੌਰ ਆਗੂਆਂ ਦੀ ਜੀਵਨ ਲੀਲਾ ਦਾ ਚਿਤਰਨ ਕਾਵਿਕ ਵਿਧਾ ਵਿਚ ਕੀਤਾ। ਜਿਨ੍ਹਾਂ ਵਿਚੋਂ **'ਰੈਦਾਸ ਕੀ ਪਰਿਚਈ'** ਇਕ ਹੈ। ਕਿਸੇ ਧਾਰਮਿਕ ਮਹਾਪੁਰਸ਼ ਬਾਰੇ ਕਾਵਿਕ ਜਾਣਕਾਰੀ ਨੂੰ ਹਿੰਦੀ ਵਿਚ 'ਪਰਿਚਈ' ਅਤੇ ਪੰਜਾਬੀ ਵਿਚ 'ਪਰਚੀ' ਆਖਿਆ ਜਾਂਦਾ ਹੈ। ਉਸ ਨੇ ਇਨ੍ਹਾਂ ਪਰਚੀਆਂ ਦੀ ਸੰਪੂਰਨਤਾ 1588 ਈ:ਵਿੱਚ ਕੀਤੀ। **'ਰੈਦਾਸ ਕੀ ਪਰਿਚਈ'** ਗੁਰੂ ਰਵਿਦਾਸ ਜੀ ਦੇ ਜੀਵਨ 'ਤੇ ਬੱਝਵੀਂ ਝਾਤ ਪਾਉਂਦਾ ਅਤਿਅੰਤ ਮਹੱਤਵਪੂਰਨ ਪਲੇਠਾ ਦਸਤਾਵੇਜ਼ ਹੈ, ਜਿਸਦੀ ਰਚਨਾ ਉਸਨੇ ਗੁਰੂ ਸਾਹਿਬ ਦੇ ਜੋਤੀ-ਜੋਤ ਸਮਾਉਣ ਦੇ ਮਹਿਜ 48 ਵਰ੍ਹਿਆਂ ਅੰਦਰ ਕਰ ਦਿੱਤੀ ਸੀ।

ਅਨੰਤ ਦਾਸ ਦੇ ਬ੍ਰਾਹਮਣ ਜਾਤੀ ਨਾਲ ਸਬੰਧ ਹੋਣ ਕਾਰਨ ਉਸ ਨੇ ਬ੍ਰਾਹਮਣੀ ਪਰੰਪਰਾਵਾਂ ਨੂੰ ਕੇਂਦਰ ਵਿਚ ਰੱਖ ਕੇ ਹੀ ਪਰਚੀਆਂ ਦੀ ਰਚਨਾ ਕੀਤੀ ਹੈ। ਪਰ ਅਸੀਂ ਬ੍ਰਾਹਮਣਵਾਦੀ ਪੁੱਠ ਚੜ੍ਹੀਆਂ ਚੰਦ ਕੁ ਕਥਾਵਾਂ ਛੱਡ ਕੇ ਬਾਕੀ ਕਥਾਵਾਂ ਨੂੰ ਭਰੋਸੇ ਯੋਗ ਕਹਿ ਸਕਦੇ ਹਾਂ। ਕਿਉਂਕਿ ਕਵੀ ਨੇ ਇਹ ਸਭ ਕੁਝ ਆਪਣੇ ਪਿਉ-ਦਾਦੇ ਅਤੇ ਜਨ-ਸਧਾਰਨ, ਜਿਨ੍ਹਾਂ ਦੀਆਂ ਅੱਖਾਂ ਸਾਹਮਣੇ ਗੁਰੂ ਜੀ ਦੀ ਜੀਵਨ ਲੀਲਾ ਵਰਤਮਾਨ ਹੋਈ ਸੀ, ਪਾਸੋਂ ਕੰਨੀਂ ਸੁਣ ਕੇ ਹੀ ਕਾਨ੍ਹੀਬੱਧ ਕੀਤਾ ਹੈ। ਇਸ ਤਰ੍ਹਾਂ ਉਸਦੀ ਪਰਚੀ ਗੁਰੂ ਜੀ ਬਾਰੇ ਬਹੁਤੇ ਭਰਮ ਭੁਲੇਖੇ ਦੂਰ ਕਰਨ ਦੀ ਸਮਰੱਥਾ ਰੱਖਦੀ ਹੈ।

**'ਰੈਦਾਸ ਕੀ ਪਰਿਚਈ'** ਦੇ ਕੁੱਲ 251 ਪਦੇ ਹਨ। ਇਨ੍ਹਾਂ ਪਦਿਆਂ ਵਿਚ ਉਸ ਨੇ ਗੁਰੂ ਰਵਿਦਾਸ ਜੀ ਦੇ ਜੀਵਨ ਦੀਆਂ 28 ਮਹੱਤਵਪੂਰਨ ਸਾਖੀਆਂ ਦਾ ਅੰਦਰਾਜ਼ ਕੀਤਾ ਹੈ। ਇਸ ਲੇਖ ਵਿਚ ਸਾਰੀਆਂ ਸੂਚਨਾਵਾਂ ਦਰਜ ਕਰਨਾ ਕਠਨ ਹੈ। ਇਸ ਲਈ ਕੁਝ ਮਹੱਤਵਪੂਰਨ ਝਲਕਾਂ ਹੀ ਪਾਠਕਾਂ ਦੀ ਨਜ਼ਰ ਕੀਤੀਆਂ ਜਾ ਰਹੀਆਂ ਹਨ।

**1. ਜਨਮ ਸਥਾਨ** - ਗੁਰੂ ਰਵਿਦਾਸ ਜੀ ਆਪਣੀ ਬਾਣੀ ਵਿਚ **'ਮੇਰੀ ਜਾਤ ਕੁਟ ਬਾਂਢਲਾ ਢੋਰ ਢੋਵੰਤਾ, ਨਿਤਹਿ ਬਾਨਾਰਸੀ ਆਸ ਪਾਸਾ'** ॥ ਫੁਰਮਾਨ ਕਰਦਿਆਂ ਆਪਣੇ ਜਨਮ ਸਥਾਨ ਵੱਲ ਇਸ਼ਾਰਾ ਕਰ ਗਏ ਹਨ। ਫਿਰ ਵੀ ਕੁਝ ਵਿਦਵਾਨਾ ਨੇ ਉਨ੍ਹਾਂ ਦਾ ਜਨਮ ਅਸਥਾਨ ਗੁਜਰਾਤ, ਰਾਜਸਥਾਨ, ਪੱਛਮੀ ਉੱਤਰ ਪ੍ਰਦੇਸ ਦਾ ਕੋਈ ਪਿੰਡ ਦੱਸ ਕੇ ਲੰਬਾ ਸਮਾਂ ਭੰਬਲਭੂਸਾ ਪਾਈ ਰੱਖਿਆ ਹੈ, ਪਰ ਪਿਛਲੇ ਕੁਝ ਵਰ੍ਹਿਆ ਵਿਚ ਖੋਜਾਰਥੀਆਂ

ਨੇ ਅਨੰਤਦਾਸ ਦੀ ਪਰਚੀ ਦੇ ਹਵਾਲੇ ਨਾਲ ਅਤੇ ਕੁਝ ਹੋਰ ਪ੍ਰਾਚੀਨ ਸਰੋਤਾਂ ਸਨਮੁੱਖ ਸਪੱਸ਼ਟ ਕਰ ਦਿੱਤਾ ਹੈ ਕਿ ਗੁਰੂ ਜੀ ਦਾ ਜਨਮ ਛੇ ਸਦੀਆਂ ਪੂਰਬਲੇ ਬਨਾਰਸ ਨਗਰ ਦੇ ਨਾਲ ਲਗਦੇ ਪ੍ਰਸਿੱਧ ਪਿੰਡ ਵਿਚ ਹੋਇਆ। ਪਰਚੀ ਦਾ ਪਹਿਲਾ ਪਦਾ ਹੈ -

**ਨਗਰ ਬਨਾਰਸ ਉਤਮ ਗਾਊਂ ॥ ਪਾਪ ਨ ਨੇਯਰੇ ਆਵੇ ਕਾਊਂ ॥**

2. **ਤਿਆਗੀ ਮਹਾਂਪੁਰਸ਼** - ਗੁਰੂ ਰਵਿਦਾਸ ਜੀ ਬਾਰੇ ਪ੍ਰਸਿੱਧ ਹੈ ਕਿ ਉਹ ਮੋਹ ਮਾਇਆ ਤੋਂ ਨਿਰਲੇਪ ਰਹਿਣ ਵਾਲੇ ਤਿਆਗੀ ਮਹਾਪੁਰਸ਼ ਸਨ। ਉਨ੍ਹਾਂ ਦੇ ਤਿਆਗ ਦਾ ਜਸ ਗਾਇਨ ਕਰਦਿਆਂ ਸਮਕਾਲੀ ਸਤਿਗੁਰੂ ਅਰਜਨ ਦੇਵ ਜੀ ਲਿਖਦੇ ਹਨ -

**ਰਵਿਦਾਸ ਢੁਵੰਤਾ ਢੋਰ ਨੀਤਿ, ਤਿਨਿ ਤਿਆਗੀ ਮਾਇਆ ॥**

**ਪਰਗਟੁ ਹੋਆ ਸਾਧਸੰਗਿ, ਹਰਿ ਦਰਸਨੁ ਪਾਇਆ ॥ ਪੰਨਾ 487**

ਇਕ ਕਥਾ ਹੈ ਕਿ ਪ੍ਰਮਾਤਮਾ ਨੇ ਧਨਾਢ ਵਿਅਕਤੀ ਦਾ ਭੇਸ ਧਾਰ ਕੇ ਗੁਰੂ ਜੀ ਨੂੰ ਪਾਰਸ ਭੇਟ ਕੀਤਾ। ਮਨ੍ਹਾ ਕਰਨ ਦੇ ਬਾਵਜੂਦ ਉਸ ਨੇ ਪਾਰਸ ਉਨ੍ਹਾਂ ਦੀ ਕੁਟੀਆ ਦੀ ਛੱਤ ਵਿਚ ਟੰਗ ਦਿੱਤਾ। ਸਾਲ ਕੁ ਬਾਅਦ ਵਾਪਸੀ ਸਮੇਂ ਉਸ ਨੇ ਪਾਰਸ ਬਾਰੇ ਪੁੱਛਿਆ ਤਾ ਗੁਰੂ ਜੀ ਨੇ ਕਿਹਾ ਕਿ ਜਿੱਥੇ ਰੱਖਿਆ ਸੀ ਉਥੇ ਹੀ ਹੋਵੇਗਾ। ਉਨ੍ਹਾਂ ਲਈ ਤਾਂ ਪ੍ਰਭ ਦਾ ਨਾਮ ਹੀ ਪਾਰਸ ਹੈ। ਅਨੰਤਦਾਸ ਨੇ ਇਸ ਕਥਾ ਦਾ ਵਿਸਥਾਰ ਨਾਲ ਚਿਤਰਨ ਕੀਤਾ ਹੈ। ਉਸ ਦਾ ਇਕ ਪਦਾ ਹੈ -

**ਪਾਰਸ ਮੋਰੇ ਹਰਿ ਕੋ ਨਾਮੁ ॥ ਪਾਰਸ ਸਿਉ ਮੋਹਿ ਨਹਿ ਕਾਮੁ ॥**

3. **ਗੁਰੂ ਰਵਿਦਾਸ ਜੀ ਦਾ ਉੱਚਾ ਮੰਦਰ** - ਗੁਰੂ ਰਵਿਦਾਸ ਜੀ ਦੀ ਅਲੌਕਿਕ ਹਸਤੀ ਦੀ ਸ਼ੋਭਾ ਸਾਰੇ ਭਾਰਤ ਵਿਚ ਫੈਲ ਚੁੱਕੀ ਸੀ। ਗੁਰੂ ਨਾਨਕ ਦੇਵ ਜੀ ਵੇਲੇ ਉਨ੍ਹਾਂ ਦੀ ਬਾਣੀ ਪੰਜਾਬ ਵਿਚ ਗਾਈ ਜਾਣ ਦੇ ਪ੍ਰਮਾਣ ਸੋਢੀ ਮਿਹਰਬਾਨ ਦੀ ਰਚਿਤ ਸਾਖੀ ਵਿਚ ਮੌਜੂਦ ਹਨ। ਬਨਾਰਸ ਦੀ ਯਾਤਰਾ ਲਈ ਆਇਆ ਕੋਈ ਵੀ ਯਾਤਰੀ ਉਨ੍ਹਾਂ ਦੇ ਦਰਸ਼ਨਾਂ ਨਾਲ ਹੀ ਆਪਣੀ ਯਾਤਰਾ ਸੰਪੂਰਨ ਸਮਝਦਾ ਸੀ। ਇਸ ਲਈ ਸ਼ਰਧਾਵਾਨਾਂ ਨੇ ਗੁਰੂ ਜੀ ਦੇ ਸਤਿਸੰਗ ਵਾਲੀ ਥਾਂ ਵਿਸ਼ਾਲ ਭਵਨ ਦਾ ਨਿਰਮਾਣ ਕਰਵਾ ਦਿੱਤਾ ਸੀ। ਇਹ ਭਵਨ ਮੈਦਾਗਨ ਚੌਂਕ ਪਾਸ ਅਜੋਕਾ 'ਗੁਪਾਲ ਮੰਦਰ' ਹੈ, ਜਿਸ ਉੱਤੇ ਪੰਡਤ ਕਾਬਜ਼ ਹੋ ਚੁੱਕੇ ਹਨ। ਦੱਸਿਆ ਜਾਂਦਾ ਹੈ ਕਿ ਅੱਜ ਤੋਂ 60 ਕੁ ਸਾਲ ਪਹਿਲਾਂ ਇਸ ਮੰਦਰ ਵਿਚ ਗੁਰੂ ਜੀ ਦੀਆ ਯਾਦਗਾਰੀ ਵਸਤਾਂ ਮੌਜੂਦ ਸਨ। ਪਰ ਹੁਣ ਪੁਜਾਰੀਆਂ ਵਲੋਂ ਸਭ ਕੁਝ ਗਾਇਬ ਕਰ ਦਿੱਤਾ ਗਿਆ ਹੈ। ਮੰਦਰ ਬਾਬਤ ਅਨੰਤਦਾਸ ਲਿਖਦਾ ਹੈ -

**ਮੰਦਰ ਮਹਲ ਕੀਯਾ ਬਹੁਤੇਰਾ ॥ ਜਹਾਂ ਤਹਾਂ ਭਗਤਨ ਕਾ ਡੇਰਾ ॥.....**

**ਪਹੁਚੇ ਤਹਾ ਨਾ ਲਾਗੇ ਵਾਰਾ ॥ ਦੇਖੇ ਊਚੇ ਧੌਲ ਪਗਾਰਾ ॥.....**

**ਰਾਣੀ ਝਾਲਾ ਦਾ ਸ਼ਰਨ ਵਿਚ ਆਉਣਾ** - ਮੇਵਾੜ ਦੀ ਰਾਣੀ ਝਾਲਾ ਆਪਣੀ ਬਨਾਰਸ ਯਾਤਰਾ ਸਮੇਂ ਸਤਿਗੁਰ ਕਬੀਰ ਜੀ ਦੇ ਦੁਆਰੇ ਗਈ। ਸਤਿਗੁਰ ਕਬੀਰ ਜੀ ਅਤਿਅੰਤ ਸਾਦ ਮੁਰਾਦੀ ਅਵਸਥਾ ਵਿਚ ਆਪਣੇ ਆਸਣ ਤੇ ਬਿਰਾਜਮਾਨ ਸਨ। ਉਨ੍ਹਾਂ ਦੇ ਖਰੇ-ਖਰੇ ਪ੍ਰਵਚਨ ਸੁਣ ਕੇ ਉਹ ਗੁਰੂ ਰਵਿਦਾਸ ਜੀ ਪਾਸ ਪਹੁੰਚੀ। ਮੰਦਰ ਵਿਚ ਸੰਗਤਾਂ ਦਾ ਜਮਾਵੜਾ ਦੇਖ ਕੇ ਉਹ ਦੰਗ ਰਹਿ ਗਈ ਅਤੇ ਡੰਡਵਤ ਹੋ ਕੇ ਨਾਮ ਦਾਨ ਦੀ ਅਰਜੋਈ ਕੀਤੀ। ਅਨੰਤਦਾਸ ਨੇ ਇਨਾਂ ਪਲਾਂ ਨੂੰ ਬਾਖੂਬੀ ਚਿਤਰਿਆ ਹੈ -

**ਦੇਖਿ ਦਿਵਾਲਾ ਭਯੋ ਅਨੰਦਾ ॥ ਜਹਾਂ ਸਦਾ ਬੈਠੇ ਗੋਵਿੰਦਾ ॥**

**ਉਪਰਿ ਸਾਠਿ ਚੰਦੋਊ ਤਾਨੀ ॥ ਐਸੇ ਸੁਖ ਨਾ ਦੇਖਯੋ ਰਾਨੀ ॥**

ਸੋਨਾ ਭੋਜਨ ਕਪਰਾ ਪਾਟਾ ॥ ਬਹੁਤ ਸੁਗੰਧ ਭਰੇ ਹੈਂ ਮਾਟਾ ॥

ਊਚੇ ਬਸਤਰ ਸੁੰਦਰ ਗਾਤਾ ॥ ਮੁਖ ਤੈ ਨਿਕਸੈ ਸੁੰਦਰ ਬਾਤਾ ॥

ਗਰਬ ਭਯੋ ਰਾਨੀ ਕਉ ਜਬ ਹੀ ॥ ਕੀਯੋ ਡੰਡੌਤ ਭਗਤ ਤਹਾਂ ਸਬ ਹੀ ॥

**5. ਗੁਰੂ ਰਵਿਦਾਸ ਜੀ ਦੀ ਚਿਤੌੜ ਯਾਤਰਾ** - ਕੁੰਵਰ ਭੋਜਰਾਜ ਅਤੇ ਮੀਰਾਬਾਈ ਦਾ ਵਿਆਹ ਸੰਮਤ 1573 ਬਿਕ੍ਰਮੀ ਸੰਨ 1516 ਈ: ਵਿਚ ਸੰਪਨ ਹੋਇਆ। ਰਾਣੀ ਝਾਲੀ ਨੇ ਗੁਰੂ ਜੀ ਨੂੰ ਉਚੇਚੇ ਤੌਰ ਤੇ ਬੁਲਾਇਆ। ਗੁਰੂ ਜੀ ਸਤਿਗੁਰੂ ਕਬੀਰ ਤੋਂ ਆਗਿਆ ਲੈ ਕੇ, ਜੋ ਉਨ੍ਹਾਂ ਦੇ ਗੂੜ੍ਹੇ ਰਿਸ਼ਤਿਆਂ ਦੀ ਜ਼ਾਮਨੀ ਹੈ, ਚਿਤੌੜ ਰਵਾਨਾ ਹੋਏ। ਉਨ੍ਹਾਂ ਵਲੋਂ ਸੁਭਾਗੀ ਜੋੜੀ ਨੂੰ ਅਸ਼ੀਰਵਾਦ ਦੇਣ ਦਾ ਚਿਤਰਨ ਕਰਦਿਆ ਅਨੰਤਦਾਸ ਨੇ ਲਿਖਿਆ ਹੈ :-

ਮੀਰਾ ਭੋਜ ਪਰਣਯ ਭਯੋ ॥ ਸਬ ਰਹੇ ਮਹੋਛੇ ਰੰਗ ॥

ਮਨ ਭਰ ਰੈਦਾਸ ਅਸੀਸ ਦਯੋ ॥ ਜਨ ਭਯੇ ਏਕ ਰੰਗ ॥

**6. ਚਿਤੌੜ ਵਿਚ ਪ੍ਰੀਤੀਭੋਜ** - ਰਾਣੀ ਝਾਲੀ ਨੇ ਗੁਰੂ ਰਵਿਦਾਸ ਜੀ ਦੇ ਸਤਿਕਾਰ ਵਿਚ ਪ੍ਰੀਤੀ ਭੋਜ ਦਾ ਆਪਣੇ ਮਹਿਲੀਂ ਆਯੋਜਨ ਕੀਤਾ। ਭੋਜ ਵਿਚ ਸ਼ਾਮਲ 700 ਪੰਡਤਾਂ ਨੇ ਗੁਰੂ ਰਵਿਦਾਸ ਜੀ ਨਾਲ ਬੈਠ ਕੇ ਭੋਜਨ ਕਰਨ ਦੀ ਵਿਰੋਧਤਾ ਕੀਤੀ ਤਾਂ ਪ੍ਰੀਤੀ ਭੋਜ ਦੇ ਸੁਖਾਵੇਂ ਸੰਚਾਲਨ ਲਈ ਗੁਰੂ ਜੀ ਉਠ ਕੇ ਕਮਰੇ ਵਿਚ ਚਲੇ ਗਏ। ਹੈਰਾਨੀ ਉਦੋਂ ਹੋਈ ਜਦੋਂ ਹਰ ਪੰਡਤ ਨੂੰ ਮਾਲੂਮ ਹੋਇਆ ਕਿ ਗੁਰੂ ਰਵਿਦਾਸ ਜੀ ਉਨ੍ਹਾਂ ਦੇ ਨਾਲ ਹੀ ਭੋਜਨ ਕਰ ਰਹੇ ਹਨ। ਸਾਰੇ ਪੰਡਤ ਉਨ੍ਹਾਂ ਦੇ ਚਰਨੀਂ ਢਹਿ ਪਏ। ਪਰਚੀ ਵਿਚ ਦਰਜ ਹੈ-

ਸਬ ਕੋ ਅਚਰਜ ਭਯੋ ਤਮਾਸਾ ॥ ਜੇਤੇ ਬਿਪਰ ਤੇਤੇ ਰੈਦਾਸਾ ॥

ਤਬ ਹੀ ਏਕ ਡੇਰਾ ਕੂ ਧਾਯੇ ॥ ਜਨ ਰੈਦਾਸ ਤਹਾ ਪੁਨਿ ਪਾਯੇ ॥.....

ਉਹੇ ਸੰਤ ਹਮ ਏਸੋ ਪਾਪੀ ॥ ਭਗਤਨਿ ਸੌਂ ਲਰਿ ਏਸੀ ਥਾਪੀ ॥

ਸਾਚੇ ਹਰਿ ਸਾਚੇ ਹਰਿ ਜਨਾ ॥ ਯਹ ਪਸ਼ਚਾਤਾਪ ਕੀਯੋ ਬ੍ਰਾਹਮਨਾ ॥.....

**7. ਗੁਰੂ ਰਵਿਦਾਸ ਜੀ ਚਿਤੌੜ ਵਿਖੇ ਜੋਤੀ ਜੋਤ ਨਹੀ ਸਮਾਏ** - ਅਜੋਕੇ ਕੁਝ ਵਿਦਵਾਨਾਂ ਨੇ ਖਾਹਮਖਾਹ ਝਮੇਲਾ ਪਾ ਦਿੱਤਾ ਹੈ ਕਿ ਚਿਤੌੜ ਵਿਖੇ ਪ੍ਰੀਤੀ ਭੋਜ ਸਮੇ ਜੰਜੂ ਦਿਖਾਉਣ ਦੇ ਛੜਯੰਤਰ ਵਿਚ ਪੰਡਤਾਂ ਨੇ ਗੁਰੂ ਰਵਿਦਾਸ ਜੀ ਨੂੰ ਕਤਲ ਕਰ ਦਿੱਤਾ ਸੀ। ਸਤਨਾਮ ਸਿੰਘ ਨੇ ਤਾਂ ਨਿਰਾ ਲੂਣ ਹੀ ਗੁੰਨਦਿਆ 'ਗੁਰੂ ਰਵਿਦਾਸ ਜੀ ਹੱਤਿਆ ਕੇ ਪ੍ਰਮਾਣਿਕ ਦਸਤਾਵੇਜ' ਪੁਸਤਕ ਹੀ ਲਿਖ ਮਾਰੀ ਹੈ। ਕੁਝ ਹੋਰ ਵਿਦਵਾਨ ਵੀ ਉਸ ਇਲਾਹੀ ਹਸਤੀ ਪ੍ਰਤੀ ਐਸੇ ਵਿਚਾਰ ਪ੍ਰਗਟ ਕਰ ਕੇ ਕੁਕਰਮ ਕਰ ਰਹੇ ਹਨ। ਜਦੋਂ ਕਿ ਪਰਚੀ ਅਨੰਤਦਾਸ ਵਿਚ ਸਪੱਸ਼ਟ ਜ਼ਿਕਰ ਹੈ ਕਿ ਚਿਤੌੜ ਦੀ ਯਾਤਰਾ ਸੰਪੂਰਨ ਹੋਣ ਉਪਰੰਤ ਗੁਰੂ ਜੀ ਨੂੰ ਸ਼ਾਹੀ ਵਿਦਾਇਗੀ ਦਿੱਤੀ ਗਈ ਅਤੇ ਉਹ ਪਿੰਡ-ਪਿੰਡ ਸਤਿਸੰਗ ਰਚਾਉਂਦੇ ਕਾਂਸ਼ੀ ਪਹੁੰਚ ਗਏ -

ਸੇਵਗ ਸਕਲ ਮਿਲੇ ਰੈਦਾਸਾ ॥ ਸਬ ਹੀ ਕੋ ਮਨ ਭਯੋ ਉਦਾਸਾ ॥

ਹਰਿ ਸਿਮਰਨ ਕੀਜੇ ਹਰਿ ਦਾਸਾ ॥ ਹਮ ਹੈ ਸਦਾ ਤੁਮਾਰੇ ਪਾਸਾ ॥.....

ਗਾਮ ਗਾਮ ਥੀ ਚਲਣ ਨ ਪਾਵੈ ॥ ਕਰਤ ਮਹੋਛਾ ਅਨੰਦ ਉਛਾਵੈ ॥.....

ਐਸੀ ਗਮਤ ਬਹੁਤ ਕਰਾਈ ॥ ਮਾਸ ਏਕ ਮੈਂ ਪਹੁੰਚੇ ਜਾਈ ॥.....

ਸ਼ਪੱਸ਼ਟ ਹੈ ਕਿ 'ਰੈਦਾਸ ਕੀ ਪਰਿਚਈ' ਵਿਚ ਗੁਰੂ ਰਵਿਦਾਸ ਜੀ ਦੇ ਜੀਵਨ ਬਾਰੇ ਬੇਅੰਤ ਪੁਖਤਾ ਸੂਚਨਾਵਾਂ ਹਨ। ਇਨ੍ਹਾਂ ਨੂੰ ਡੂੰਘਾਈ ਨਾਲ ਵਾਚਣ ਅਤੇ ਵਿਚਾਰਨ ਦੀ ਲੋੜ ਹੈ।

# ਦੀਨ-ਦੁਖੀਆਂ ਦੇ ਇਨਕਲਾਬੀ ਮਸੀਹਾ ਗੁਰੂ ਰਵਿਦਾਸ



**ਸ੍ਰੀ ਕਾਂਸ਼ੀ ਰਾਮ 'ਕਲੇਰ'**
ਸਾਬਕਾ ਸਰਪੰਚ ਪਿੰਡ ਜੰਡੂ ਸਿੰਘਾ ਜ਼ਿਲ੍ਹਾ ਜਲੰਧਰ

ਨੋਟ - ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾਂ ਪੰਜਾਬ (ਰਜਿ.) ਦੇ ਹੋਂਦ ਵਿਚ ਆਉਣ ਤੋਂ ਲੈ ਕੇ ਹੁਣ ਤੱਕ ਸੀਨੀਅਰ ਮੀਤ ਪ੍ਰਧਾਨ ਦੀਆਂ ਸੇਵਾਵਾਂ ਨਿਭਾ ਰਹੇ ਸ੍ਰੀ ਕਾਂਸ਼ੀ ਰਾਮ ਕਲੇਰ 59 ਸਾਲ ਦੀ ਉਮਰ ਵਿਚ ਮਿਤੀ 30 ਮਈ 2019 ਨੂੰ ਚਲ ਵਸੇ। ਗੁਰੂ ਰਵਿਦਾਸ ਜੀ ਦੇ ਮਿਸ਼ਨ ਪ੍ਰਚਾਰ ਪ੍ਰਤੀ ਉਨ੍ਹਾਂ ਦੀ ਨਿਭਾਈਆਂ ਨਿਸ਼ਕਾਮ ਸੇਵਾਵਾਂ ਬਹੁਤ ਹੀ ਸਾਲੁਹਣ ਯੋਗ ਹਨ। ਸੰਸਥਾ, 1982 ਈ. ਵਿਚ ਸ੍ਰੀ ਕਾਂਸ਼ੀ ਰਾਮ ਕਲੇਰ ਜੀ ਦੀ ਕਲਮ ਤੋਂ ਪ੍ਰਕਾਸ਼ਿਤ ਹੋਏ ਕਿਤਾਬਚੇ ਭਗਤੀ ਸੰਦੇਸ਼ ਦੇ ਕੁਝ ਅੰਸ਼ ਹਥਲੇ ਟ੍ਰੈਕਟ ਨੰਬਰ 33 ਵਿਚ ਛਾਪ ਕੇ ਉਨ੍ਹਾਂ ਨੂੰ ਸ਼ਰਧਾ-ਸੁਮਨ ਅਰਪਿਤ ਕਰਦੀ ਹੈ। ਚੇਅਰਮੈਨ ਰਸ਼ਪਾਲ ਸਿੰਘ ਬੱਧਣ

ਜਦੋਂ ਭਾਰਤ ਵਿਚ ਉਚ-ਨੀਚ, ਜਾਤ-ਪਾਤੀ ਪ੍ਰਣਾਲੀ ਨੇ ਅਖੌਤੀ ਸ਼ੂਦਰ ਤੇ ਅਛੂਤ ਕਹੇ ਜਾਂਦੇ ਲੋਕਾਂ ਉਤੇ ਅਣ-ਮਨੁੱਖੀ ਜ਼ੁਲਮਾਂ ਦੀ ਅੱਤ ਕਰ ਦਿੱਤੀ ਤਾਂ ਇਸ ਗੈਰ-ਮਨੁੱਖੀ ਵਰਤਾਰੇ ਨੂੰ ਠੱਲ ਪਾਉਣ ਲਈ ਪਾਰਬ੍ਰਹਮ ਪ੍ਰਮਾਤਮਾ ਨੇ ਸ੍ਰੀ ਗੁਰੂ ਰਵਿਦਾਸ ਜੀ ਨੂੰ ਦੀਨ-ਦੁਖੀਆਂ ਦਾ ਇਨਕਲਾਬੀ ਮਸੀਹਾ ਬਣਾ ਕੇ ਇਸ ਸੰਸਾਰ 'ਤੇ ਭੇਜਿਆ। ਪ੍ਰਭ ਨੇ ਸੰਨ 1377 ਈ. ਮਾਘ ਦੀ ਪੂਰਨਮਾਸ਼ੀ ਨੂੰ ਸੀਰ-ਗੋਵਰਧਨਪੁਰ ਕਾਸ਼ੀ ਵਾਰਾਨਸੀ ਵਿਖੇ ਪਿਤਾ ਸ੍ਰੀ ਸੰਤੋਖ ਦਾਸ ਦੇ ਘਰ ਮਾਤਾ ਕਲਸਾਂ ਜੀ ਦੀ ਕੁੱਖ ਨੂੰ ਭਾਗ ਲਾਏ। ਗੁਰੂ ਜੀ ਨੇ ਚਮੜੇ ਦੇ ਕਾਰੋਬਾਰ ਨੂੰ ਆਪਣੀ ਰੋਜ਼ੀ-ਰੋਟੀ ਦਾ ਸਾਧਨ ਬਣਾਇਆ।

ਗੁਰੂ ਰਵਿਦਾਸ ਜੀ ਬਚਪਨ ਤੋਂ ਹੀ ਕੌਮੀ ਆਗੂਆਂ ਵਾਂਗ ਸ਼ੋਸ਼ਤ ਸਮਾਜ ਦੀਆਂ ਸਮੱਸਿਆਵਾਂ ਦਾ ਚਿੰਤਨ ਕਰਦੇ। ਪ੍ਰਭ ਦਾ ਸਿਮਰਨ ਕਰਦੇ ਤੇ ਸੰਤਾਂ ਮਹਾਤਮਾਂ ਨਾਲ ਵਿਚਾਰ ਗੋਸ਼ਟੀਆਂ ਕਰਦੇ। ਕਦੇ-ਕਦੇ ਗੁਰੂ ਜੀ ਜਾਣ-ਬੁੱਝ ਕੇ ਬ੍ਰਾਹਮਣਾਂ ਵਾਲੇ ਧਾਰਮਿਕ ਕਰਮ-ਕਾਂਡ ਵੀ ਕਰਦੇ ਤਾਂ ਕਿ ਜਾਤੀ ਅਭਿਮਾਨੀਆਂ ਨੂੰ ਸਾਰੇ ਮਨੁੱਖਾਂ ਦੇ ਬਰਾਬਰ ਹੋਣ ਦਾ ਅਹਿਸਾਸ ਕਰਾਇਆ ਜਾ ਸਕੇ। ਬ੍ਰਾਹਮਣ ਗੁਰੂ ਜੀ ਉਤੇ ਬਹੁਤ ਦਬਾਅ ਪਾਉਂਦੇ ਕਿ ਉਹ ਇਹ ਕੰਮ ਛੱਡ ਦੇਣ ਕਿਉਂ ਕਿ ਪੂਜਾ ਦਾ ਕੰਮ ਸਿਰਫ ਬ੍ਰਾਹਮਣ ਦਾ ਹੀ ਹੈ ਪ੍ਰੰਤੂ ਗੁਰੂ ਜੀ ਨੂੰ ਇਸ ਵਿਰੋਧ ਦੀ ਕੋਈ ਪ੍ਰਵਾਹ ਨਹੀਂ ਸੀ।

ਗੁਰੂ ਜੀ ਨੇ ਸਮੇਂ ਦੀ ਲੋੜ ਨੂੰ ਪਹਿਚਾਣਦੇ ਹੋਏ ਇਕ ਜ਼ਬਰਦਸਤ ਧਾਰਮਿਕ ਤੇ ਸਮਾਜਿਕ ਵਿਚਾਰਧਾਰਾ ਦਾ ਆਗਾਜ਼ ਕੀਤਾ ਅਤੇ ਦੱਬੇ-ਕੁਚਲੇ ਲੋਕਾਂ ਨੂੰ ਨਿੱਗਰ ਲੀਹਾਂ ਤੇ ਪਾਉਣ ਲਈ ਬੇ-ਮਿਸਾਲ ਕੰਮ ਕੀਤਾ। ਅਖੌਤੀ ਨੀਚ ਜਾਤੀ ਵਿਚ ਜਨਮ ਲੈ ਕੇ ਰੂਹਾਨੀਅਤ ਦੇ ਅੰਬਰਾਂ ਨੂੰ ਛੂਹਿਆ। ਜਿਸ ਨਾਲ ਅਖੌਤੀ ਸ਼ੂਦਰਾਂ-ਅਛੂਤਾਂ ਵਿਚ ਆਤਮ-ਵਿਸ਼ਵਾਸ਼, ਦ੍ਰਿੜਤਾ, ਸ਼ੰਘਰਸ਼ ਅਤੇ ਏਕੇ ਦੀ ਭਾਵਨਾ ਉਤਪੰਨ ਹੋਈ। ਗੁਰੂ ਜੀ ਨੇ ਜ਼ਬਰ-ਜ਼ੁਲਮ ਦੇ ਪੀੜਤ ਲੋਕਾਂ ਨੂੰ ਸਮਝਾਇਆ ਕਿ ਉਹ ਪਾਰਬ੍ਰਹਮ ਪ੍ਰਮਾਤਮਾ ਜਿਸ ਨੂੰ ਮੰਨੂਵਾਦੀ ਆਪਣੀ ਨਿਜੀ ਮਲਕੀਅਤ ਸਮਝਦੇ ਹਨ ਅਤੇ ਭਾਰਤ ਦੇ ਮੂਲ-ਵਾਸੀ ਅਖੌਤੀ ਅਛੂਤਾਂ/ਸ਼ੂਦਰਾਂ (ਐਸ.ਸੀ., ਐਸ.ਟੀ., ਓ.ਬੀ. ਸੀ.) ਨੂੰ ਭੈੜੇ ਮਨੁੱਖ ਗਿਣ ਕੇ ਭੇਦ-ਭਾਵ ਕਰਦੇ ਤੇ ਪ੍ਰਭ ਦੀ ਪੂਜਾ ਦਾ ਅਧਿਕਾਰ ਨਹੀਂ ਦਿੰਦੇ ਉਹ ਪ੍ਰਭੂ ਤਾਂ ਉਨ੍ਹਾਂ ਸਾਰਿਆਂ ਉੱਤੇ ਢਰੈ (ਰੀਝ) ਜਾਂਦਾ ਹੈ ਭਾਵ ਖੁਸ਼ ਹੋ ਕੇ ਬਖਸ਼ਿਸ਼ਾਂ ਕਰਦਾ ਹੈ ਜਿਹੜੇ ਉਸ ਨੂੰ ਅਤੇ ਉਸ ਦੀ ਖ਼ਲਕਤ ਨੂੰ ਪਿਆਰ ਕਰਦੇ ਹਨ। ਐਹ ਮੂਲ-ਵਾਸੀ ਲੋਕੋ ਤੁਸੀਂ ਉਠੋ, ਉੱਚੇ ਹੋਵੋ ਭਾਵ ਆਪਣੇ ਅਧਿਕਾਰ ਪ੍ਰਾਪਤ ਕਰਨ ਦਾ ਯਤਨ ਕਰੋ। ਜੇਕਰ ਤੁਸੀਂ ਉਦਮ ਕਰੋਗੇ ਤਾਂ ਹਰ ਹਾਲਤ ਵਿਚ ਤੁਸੀਂ ਉਚੇ ਹੋ ਜਾਵੋਗੇ ਕਿਉਂ ਕਿ ਉਹ ਪਰਮਾਤਮਾਂ ਨੀਵਿਆਂ ਨੂੰ ਉਚੇ ਕਰਨ ਲੱਗਿਆਂ

ਕਿਸੇ ਤੋਂ ਡਰਦਾ ਨਹੀਂ।

**ਜਾ ਕੀ ਛੋਤ ਜਗਤ ਕਉ ਲਾਗੈ, ਤਾ ਪਰ ਤੁਹੀਂ ਢਰੈ॥ ਨੀਚਹ ਊਚ ਕਰੈ ਮੇਰਾ ਗੋਬਿੰਦੁ, ਕਾਹੂ ਤੇ ਨ ਡਰੈ॥**

ਗੁਰੂ ਜੀ ਇਹ ਗੱਲ ਭਲੀ-ਭਾਂਤ ਜਾਣਦੇ ਸਨ ਕਿ ਇਸ ਪੀੜਤ ਸਮਾਜ ਲਈ ਪ੍ਰਭੂ ਪੂਜਾ ਦੇ ਅਧਿਕਾਰ ਦੇ ਨਾਲ-ਨਾਲ ਸਿਖਿਆ ਪ੍ਰਾਪਤੀ ਦਾ ਅਧਿਕਾਰ ਵੀ ਬਹੁਤ ਮਹੱਤਵਪੂਰਨ ਹੈ। ਮੂਲ ਵਾਸੀਆਂ ਦੇ ਕੰਨਾਂ ਵਿਚ ਸਿੱਕਾ ਢਾਲ ਕੇ ਪਾਉਣ, ਜੀਭ ਕੱਟਣ ਦੀ ਨਿਯਤ ਕੀਤੀ ਸਜ਼ਾ ਅਸਲ ਵਿਚ ਇਨ੍ਹਾਂ ਨੂੰ ਸਿਖਿਆ/ਗਿਆਨ ਤੋਂ ਵਾਂਝੇ ਰੱਖਣ ਦਾ ਇਕ ਘਿਨੌਣਾ ਛੜਯੰਤਰ ਸੀ। ਇਸੇ ਕਰਕੇ ਗੁਰੂ ਰਵਿਦਾਸ ਜੀ ਨੇ ਕਿਹਾ ਐਹ ਮੂਲ ਵਾਸੀਓ! ਤੁਹਾਡੀ ਗੁਲਾਮੀ ਦਾ ਮੂਲ ਕਾਰਨ ਅਬਿਦਿਆ ਹੈ ਭਾਵ ਤਹਾਨੂੰ ਸਹੀ ਗਿਆਨ ਤੋਂ ਦੂਰ ਕਰ ਦਿੱਤਾ ਗਿਆ ਹੈ ਇਸ ਕਰਕੇ ਤੁਹਾਡੀ ਬੁੱਧੀ ਦਾ ਦੀਵਾ ਧੁੰਦਲਾ ਹੋ ਚੁੱਕਾ ਹੈ।

**ਮਾਧੋ ਅਬਿਦਿਆ ਹਿਤ ਕੀਨ, ਬਿਬੇਕ ਦੀਪ ਮਲੀਨ॥**

ਗੁਰੂ ਰਵਿਦਾਸ ਜੀ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਸਮਾਨ ਅਧਿਕਾਰਾਂ ਦੀ ਪ੍ਰਾਪਤੀ ਸੰਗਠਨ ਅਤੇ ਸੰਘਰਸ਼ ਤੋਂ ਬਗੈਰ ਨਹੀਂ ਹੋ ਸਕਦੀ। ਸੰਗਠਨ ਬਨਾਉਣ ਵਾਸਤੇ ਕਿਸੇ ਸੂਝਵਾਨ, ਇਮਾਨਦਾਰ, ਨਿਧੜਕ ਯੋਧੇ ਆਗੂ/ਕਮਾਂਡਰ ਦੀ ਲੋੜ ਹੁੰਦੀ ਹੈ। ਸੰਗਠਨ ਤੋਂ ਬਾਦ ਸੰਘਰਸ਼ ਲਈ ਤਕੜੀਆਂ, ਮਿਹਨਤੀ ਤੇ ਹੁਕਮ ਦੀ ਪਾਲਣਾ ਕਰਨ ਵਾਲੀਆਂ ਤਿਆਰ-ਬਰ-ਤਿਆਰ ਫੌਜਾਂ ਦੀ ਲੋੜ ਹੁੰਦੀ ਹੈ। ਗੁਰੂ ਜੀ ਨੇ ਇਹ ਗੱਲ ਸਮਝਾਉਣ ਲਈ ਆਪਣੀ ਉਚੇਰੀ ਸੂਝ-ਬੂਝ ਨਾਲ, ਦ੍ਰਿਸ਼ਟਾਂਤ ਅਲੰਕਾਰ ਵਰਤ ਕੇ ਕੇਵਲ ਇਕ ਪੰਕਤੀ ਵਿਚ ਸਿਧਾਂਤਕ ਫਾਰਮੂਲੇ ਨੂੰ ਪੇਸ਼ ਕਰਦਿਆਂ ਕਿਹਾ:-

**ਸਤਿ ਸੰਗਤਿ ਮਿਲਿ ਰਹੀਐ ਮਾਧਉ, ਜੈਸੇ ਮਧੁਪ ਮਖੀਰਾ॥**

ਅਰਥਾਤ ਸ਼ਹਿਦ ਦੀਆਂ ਮੱਖੀਆਂ ਸ਼ਹਿਦ ਦੇ ਛੱਤੇ ਰਲ-ਮਿਲ ਕੇ ਬੜੇ ਹੀ ਪਿਆਰ, ਮੇਲ, ਇਤਫ਼ਾਕ ਨਾਲ ਰਹਿੰਦੀਆਂ ਹਨ। ਉਨ੍ਹਾਂ ਮੱਖੀਆਂ ਵਿਚ ਇਕ ਰਾਣੀ ਮੱਖੀ ਹੁੰਦੀ ਹੈ। ਸਾਰੀਆਂ ਮੱਖੀਆਂ ਉਸ ਰਾਣੀ ਮੱਖੀ ਦੇ ਹੁਕਮ ਦੀ ਤਾਮੀਲ ਕਰਦੀਆਂ ਹਨ। ਸ਼ਹਿਦ ਦਾ ਛੱਤਾ ਸਾਰੀਆਂ ਮੱਖੀਆਂ ਦਾ ਸਾਂਝਾ ਹੁੰਦਾ ਹੈ। ਬੜੀ ਇਮਾਨਦਾਰੀ ਨਾਲ ਸਾਰੀਆਂ ਮੱਖੀਆਂ ਬਾਹਰੋਂ ਕੱਚਾ ਮਾਲ ਇਕੱਠਾ ਕਰਕੇ ਛੱਤਾ ਬਣਾਉਂਦੀਆਂ ਹਨ ਅਤੇ ਬਨਸਪਤੀ ਦਾ ਰਸ ਇਕੱਠਾ ਕਰਕੇ ਉਸ ਨੂੰ ਮਿੱਠੇ, ਅੰਮ੍ਰਿਤ ਸਮਾਨ ਸ਼ਹਿਦ ਵਿਚ ਤਬਦੀਲ਼ ਕਰਕੇ ਛੱਤੇ ਵਿੱਚ ਇਕੱਠਾ ਕਰਦੀਆਂ ਹਨ। ਇਹ ਕੰਮ ਉਹ ਬੜੀ ਮਿਹਨਤ-ਮੁਸ਼ੱਕਤ ਨਾਲ ਕਰਦੀਆਂ ਹਨ। ਆਪਣੇ ਕੰਮ ਵਿਚ ਜੁੜੀਆਂ ਉਹ ਕਦੇ ਵੀ ਅਵੇਸਲੀਆਂ ਨਹੀਂ ਹੁੰਦੀਆਂ ਅਤੇ ਆਪਣੀ ਇਸ ਜਾਇਦਾਦ ਦੇ ਹੱਕ ਦੀ ਰਾਖੀ ਕਰਨ ਲਈ ਹਰ ਵਕਤ ਤਿਆਰ ਰਹਿੰਦੀਆਂ ਹਨ। ਜਦੋਂ ਕੋਈ ਦੁਸ਼ਮਣ ਉਨ੍ਹਾਂ ਦੇ ਇਸ ਹੱਕ ਨੂੰ ਖੋਹਣ ਦਾ ਯਤਨ ਕਰਦਾ ਹੈ ਤਾਂ ਉਹ ਇਕੱਠੀਆਂ ਹੋ ਉਸ ਤੇ ਹਮਲਾ ਕਰਦੀਆਂ ਹਨ ਇਥੋਂ ਤੱਕ ਉਹ ਦੁਸ਼ਮਣ ਨੂੰ ਮਾਰ ਵੀ ਦਿੰਦੀਆਂ ਹਨ। ਸੋ ਗੁਰੂ ਜੀ ਨੇ ਸਾਨੂੰ ਇਕੱਠੇ ਹੋਣ, ਸਖਤ ਮਿਹਨਤ ਕਰਨ, ਸੰਘਰਸ਼ ਕਰਨ ਅਤੇ ਆਪਣੇ ਹੱਕਾਂ ਦੀ ਰਾਖੀ ਕਰਨ ਉਪਦੇਸ਼ ਦਿੱਤਾ ਹੈ। ਸ਼ੂਦਰਾਂ/ਅਛੂਤਾਂ ਦੀ ਅੱਜ ਦੀ ਤਰੱਕੀ ਵਿਚ ਗੁਰੂ ਰਵਿਦਾਸ ਜੀ ਦੀ ਇਨਕਲਾਬੀ ਵਿਚਾਰਧਾਰਾ ਅਤੇ ਜੀਵਨ ਸੰਘਰਸ਼ ਦਾ ਅਹਿਮ ਰੋਲ ਹੈ। ਗੁਰੂ ਜੀ ਦੇ ਪਾਏ ਪੂਰਨਿਆਂ ਤੇ ਚੱਲਣਾ ਹੀ ਗੁਰੂ ਜੀ ਦਾ ਸਤਿਕਾਰ, ਸੱਚੀ ਸ਼ਰਧਾ, ਸਾਚੀ ਪ੍ਰੀਤ ਹੈ।



# ਗੁਰੂ ਸਾਹਿਬਾਨਾਂ ਪ੍ਰਤੀ ਸ਼ਰਧਾ-ਸੰਦੇਸ਼ ਨਗਰ ਕੀਰਤਨ ਯਾਤਰਾਵਾਂ



ਰਾਮਧਨ ਨਾਂਗਲੂ-ਭੋਗਪੁਰ-ਜਲੰਧਰ
ਪ੍ਰਧਾਨ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.), ਮੋ. 98154-85844

ਅਸੀਂ ਆਦਰਣੀਯ, ਸਤਿਕਾਰਯੋਗ, ਪਰਮ ਪਿਤਾ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੀ ਨਾਮ ਲੇਵਾ ਸੰਗਤ ਹਰ ਵਾਰ ਉਨ੍ਹਾਂ ਦਾ ਆਗਮਨ ਪੁਰਬ "ਮਾਘ ਸੁਦੀ ਪੰਦਰਾਸ" ਅਰਥਾਤ ਦੇਸੀ ਮਹੀਨੇ ਮਾਘ ਦੀ ਪੂਰਨਮਾਸ਼ੀ ਵਾਲੇ ਦਿਨ ਗੁਰੂ ਜੀ ਪ੍ਰਤੀ ਪ੍ਰੇਮ ਭਾਵਨਾ ਅਤੇ ਸ਼ਰਧਾ ਸੁਮਨ ਭੇਟ ਕਰਨ ਲਈ ਨਗਰ ਕੀਰਤਨ ਯਾਤਰਾਵਾਂ ਸਜਾਉਂਦੇ ਹਨ। ਗੁਰੂ ਸਾਹਿਬਾਨਾਂ ਦੇ ਜੀਵਨ ਦੇ ਸੰਦੇਸ਼, ਉਦੇਸ਼ ਅਤੇ ਮੰਤਵ ਨੂੰ ਜਨ-ਜਨ ਤੱਕ ਪਹੁੰਚਾਉਂਦੇ ਹਨ। ਗੁਰੂ ਜੀ ਵੱਲੋਂ ਸਮੁੱਚੀ ਮਾਨਵਤਾ ਦੇ ਭਲੇ ਲਈ ਕੀਤੇ ਉਪਕਾਰਾਂ ਦਾ ਲਾਭ ਨਿੱਜ ਦੇ ਪ੍ਰਗਟਾਵੇ ਨਾਲ ਹੀ ਜਾਣਿਆ ਜਾਂ ਦੱਸਿਆ ਜਾ ਸਕਦਾ ਹੈ। ਨਿੱਜ ਦਾ ਪ੍ਰਗਟਾਵਾ ਆਪਣੇ ਆਪ ਵਿਚ ਬੜੀ ਮਹਾਨਤਾ ਰੱਖਦਾ ਹੈ ਇਸ ਵਿਚ ਹੀ ਸੰਦੇਸ਼, ਉਦੇਸ਼ ਦਾ ਪ੍ਰੇਮ ਸਮੋਇਆ ਹੁੰਦਾ ਹੈ।

**ਉਦੇਸ਼** - ਨਗਰ ਕੀਰਤਨ ਯਾਤਰਾਵਾਂ ਦਾ ਉਦੇਸ਼ ਹੈ ਆਪਣੀ ਹੋਂਦ ਦਾ ਦੂਜਿਆਂ ਨੂੰ ਅਹਿਸਾਸ ਕਰਾਉਣਾ। ਪੁਰਾਣੀ ਕਹਾਵਤ ਬਣੀ ਹੋਈ ਹੈ, "ਜਦ ਤੱਕ ਬੱਚਾ ਰੋਂਦਾ ਨਹੀਂ—ਮਾਂ ਦੁੱਧ ਨਹੀਂ ਪਿਆਉਂਦੀ।" ਇਹ ਬੱਚੇ ਦਾ ਰੋਣਾ ਨਿੱਜੀ ਹੋਂਦ ਦਾ ਪ੍ਰਗਟਾਵਾ ਹੈ ਤੇ ਨਾਲ ਹੀ ਕੁਝ ਪ੍ਰਾਪਤ ਕਰਨ ਦੀ ਜਦੋ ਜਹਿਦ ਵੀ। ਬੱਚੇ ਦੇ ਰੋਣ 'ਤੇ ਮਾਂ ਨੂੰ ਪਤਾ ਲੱਗ ਜਾਂਦਾ ਹੈ ਕਿ ਬੱਚਾ ਭੁੱਖਾ ਹੈ। ਬੱਚੇ ਨੂੰ ਉਸ ਦਾ ਹੱਕ, "ਮਾਂ ਦਾ ਦੁੱਧ" ਪ੍ਰਾਪਤ ਹੋ ਜਾਂਦਾ ਹੈ। ਠੀਕ ਇਸੇ ਤਰ੍ਹਾਂ ਨਗਰ ਕੀਰਤਨ ਦੂਜਿਆਂ ਨੂੰ ਆਪਣੇ ਵੱਲ ਧਿਆਨ ਖਿੱਚਣ ਲਈ ਪ੍ਰੇਰਿਤ ਕਰਦਾ ਹੈ। ਤੁਹਾਡੀ ਕਿੰਨੀ ਵੀ ਯੋਗਤਾ ਕਿਉਂ ਨਾ ਹੋਵੇ ਜਦ ਤੱਕ ਤੁਸੀਂ ਆਪਣੀ ਯੋਗਤਾ ਦਾ ਪ੍ਰਗਟਾਵਾ ਨਹੀਂ ਕਰਦੇ ਤੁਹਾਡੀ ਮਹਾਨਤਾ ਨਹੀਂ ਬਣਦੀ। ਇਹੋ ਸਿਧਾਂਤ ਕਿਸੇ ਫਿਰਕੇ, ਧਰਮ, ਜਾਤ 'ਤੇ ਵੀ ਢੁੱਕਦਾ ਹੈ।

ਕਈ ਧਰਮ-ਜਾਤੀਆਂ ਸੰਖਿਆ ਵਿਚ ਘੱਟ ਹਨ। ਉਹਨਾਂ ਆਪਾ ਪ੍ਰਗਟਾਇਆ ਤੇ ਸਮਾਜ, ਦੇਸ਼ ਤੇ ਵਿਦੇਸ਼ਾਂ ਵਿਚ ਆਪਣੀ ਦਿਖ ਬਣਾਈ। ਆਪਣੇ ਚੁਫੇਰੇ ਨਿਗਾਹ ਮਾਰਨ 'ਤੇ ਇਸ ਦੀਆਂ ਉਦਾਹਰਣਾਂ ਸਹਿਜੇ ਹੀ ਦੇਖੀਆਂ ਜਾ ਸਕਦੀਆਂ ਹਨ। ਅਸੀਂ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਨਾਮ ਲੇਵਾ ਸੰਖਿਆ ਪੱਖੋਂ ਬਹੁਤਾਤ ਵਿਚ ਹੋਣ 'ਤੇ ਵੀ ਆਪਣੀ ਦਿਖ ਸਮਾਜ ਵਿਚ ਹਾਲੇ ਉਜਾਗਰ ਨਹੀਂ ਕਰ ਸਕੇ। ਵਿਦੇਸ਼ ਦੀ ਤਾਂ ਗੱਲ ਹੀ ਛੱਡੋ ਦੇਸ਼ ਅੰਦਰ ਹੀ ਸਾਡੀ ਦਿਖ ਨਾ-ਮਾਤਰ ਹੈ। ਏਸੇ ਕਰਕੇ ਅਸੀਂ ਪੱਛੜੇ ਹੋਏ ਹਾਂ। ਸਾਡਾ ਪਛੜਾਪਨ ਸਾਨੂੰ ਨਿਰਧਨਤਾ ਵਰਗੀ ਲਾਹਨਤ ਦਿੰਦਾ ਹੈ। ਸਾਡਾ ਪਛੜਾਪਨ ਸਾਡੀ ਸੰਗਠਨਤਾ ਵਿਚ ਵੱਡੀ ਰੋਕ ਪੈਦਾ ਕਰਦਾ ਹੈ। ਸਾਡਾ ਪਛੜਾਪਨ ਸਾਨੂੰ ਸਨਮਾਨ ਪ੍ਰਾਪਤ ਕਰਨ ਵਿਚ ਰੋੜਾ ਹੈ। ਸਾਡਾ ਪਛੜਾਪਨ ਸਾਨੂੰ ਆਪਣੇ ਹੱਕ ਪ੍ਰਾਪਤ ਕਰਨ ਵਿਚ ਸਭ ਤੋਂ ਵੱਡਾ ਸਰਾਪ ਹੈ।

ਇਸ ਨਗਰ ਕੀਰਤਨ ਯਾਤਰਾਵਾਂ ਦੇ ਮਾਧਿਅਮ ਦੁਆਰਾ ਆਪੇ ਦਾ ਪ੍ਰਗਟਾਵਾ ਕਰਕੇ ਸਾਡਾ ਮੰਤਵ ਸਵੈ-ਮਾਣ ਪ੍ਰਾਪਤ ਕਰਨ ਦਾ ਹੈ। ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਮਹਾਨਤਾ ਨੂੰ ਸਨਮੁਖ ਰੱਖ ਕੇ ਸਾਨੂੰ ਵੱਧ ਤੋਂ ਵੱਧ ਤੇ ਵੱਡੀਆਂ ਤੋਂ ਵੱਡੀਆਂ ਨਗਰ ਕੀਰਤਨ ਯਾਤਰਾਵਾਂ ਦਾ ਪ੍ਰਯੋਜਨ ਕਰਨਾ ਚਾਹੀਦਾ ਹੈ। ਜੇਕਰ ਅਸੀਂ ਆਪਣੇ ਮਹਾਨ ਰਹਿਬਰ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਇਨ੍ਹਾਂ ਪਵਿੱਤਰ ਬਚਨਾਂ "ਨੀਚਹੁ ਊਚ ਕਰੈ ਮੇਰਾ ਗੋਬਿੰਦ ਕਾਹੂ ਤੇ ਨਾ ਡਰੈ ॥" ਨੂੰ ਹਿਰਦੇ ਵਿਚ ਧਾਰ ਕੇ ਅੱਗੇ ਵਧਣ ਦਾ ਹੰਭਲਾ ਮਾਰੀਏ ਤਾਂ ਭਵਿੱਖ ਨੂੰ ਅਸੀਂ ਆਪਣੀ ਮੁੱਠੀ ਵਿਚ ਬੰਦ ਕਰ ਸਕਦੇ ਹਾਂ।

ਨਿੱਜੀ ਪ੍ਰਗਟਾਵੇ ਦੇ ਭਾਵੇਂ ਅਨੇਕਾਂ ਢੰਗ ਹਨ ਜਿਵੇਂ ਗੁਰਪੁਰਬ ਮਨਾਉਣੇ, ਮੇਲੇ ਲਾਉਣੇ, ਕੀਰਤਨ

ਦਰਬਾਰ ਕਰਾਉਣੇ, ਕਵੀ ਦਰਬਾਰ ਕਰਾਉਣੇ, ਸਾਹਿਤ ਦੀ ਸਿਰਜਣਾ ਕਰਨੀ, ਆਪਣੇ ਗੁਰੂ ਜੀ ਦੀ ਬਾਣੀ ਦਾ ਪ੍ਰਚਾਰ-ਪ੍ਰਸਾਰ ਕਰਨਾ ਆਦਿ। ਪਰ ਕੀਰਤਨ ਯਾਤਰਾਵਾਂ ਦੀ ਆਪਣੀ ਹੀ ਮਹਾਨਤਾ ਹੈ।

ਇਹਨਾਂ ਨਗਰ ਕੀਰਤਨ ਯਾਤਰਾਵਾਂ ਦਾ ਸਾਨੂੰ ਬਹੁਤ ਲਾਭ ਹੁੰਦਾ ਹੈ। ਏਸੇ ਨਾਲ ਸਮਾਜ ਵਿਚ ਸਾਡਾ ਮਾਣ-ਸਨਮਾਨ ਬਣੇਗਾ। ਅਸੀਂ ਸੰਗਠਤ ਹੋਵਾਂਗੇ, ਵਿਦਵਾਨ ਬਣਾਂਗੇ। ਮਾਇਆ ਪੱਖੋਂ ਖੁਸ਼ਹਾਲ ਹੋਵਾਂਗੇ। ਪਰ ਸਾਨੂੰ ਲੋੜ ਹੈ ਬਾਕੀਆਂ ਨਾਲੋਂ ਵੱਧ "ਆਪਾ ਪਛਾਣਨ" ਦੀ। ਏਸੇ ਵਿਚ ਸਾਡਾ ਭਲਾ ਜੁੜਿਆ ਹੋਇਆ ਹੈ। ਇਸ ਪ੍ਰਥਾਏ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦਾ ਪਾਵਨ ਬਚਨ ਸਾਡਾ ਮਾਰਗ-ਦਰਸ਼ਨ ਕਰਦਾ ਹੈ -

**"ਰਵਿਦਾਸ ਤੂੰ ਕਾਂਵਚ ਫਲੀ, ਤੁਝੇ ਨਾ ਛੀਵੈ ਕੋਯ।**
**ਤੈਂ ਨਿਜ ਨਾਮ ਨਾ ਜਾਨਿਯਾਂ, ਭਲਾ ਕਹਾਂ ਤੇ ਹੋਯ॥"**

**ਸਲੋਕ ਦੇ ਅਰਥ** - ਸਤਿਗੁਰੂ ਰਵਿਦਾਸ ਜੀ ਮਹਾਰਾਜ ਆਪਣੀ ਹੀਨ ਭਾਵਨਾ ਨਾਲ ਆਪਣੇ ਆਪ ਮੰਦਹਾਲੀ ਦੀ ਗਰਕਣੀ ਵਿਚ ਡਿੱਗੇ ਵਰਗ ਨੂੰ ਉਤਸ਼ਾਹਿਤ ਕਰਨ ਵਾਲੀ ਭਾਵਨਾ ਨਾਲ ਇਕ ਲਲਕਾਰ ਭਰਪੂਰ ਸੰਦੇਸ਼ ਦਿੰਦੇ ਹੋਏ ਬਚਨ ਕਰਦੇ ਹਨ ਕਿ ਹੇ! ਨਿੱਜ ਨੂੰ ਭੁੱਲ ਚੁੱਕੇ ਹੀਨ ਬਣੇ ਪ੍ਰਾਣੀ ਤੂੰ ਇਕ ਕਾਂਵਚ ਫਲੀ ਦੇ ਸਮਾਨ ਹੈ। ਜਿਸ ਦੇ ਸੇਵਨ ਨਾਲ ਮਨੁੱਖ ਦੇ ਅਨੇਕ ਰੋਗ ਦੂਰ ਹੋ ਜਾਂਦੇ ਹਨ। ਭਾਵੇਂ ਮਾਨਵਤਾ ਤੋਂ ਸੱਖਣੇ ਲੋਕ ਤੈਨੂੰ ਜਾਤ ਪਾਤ ਦੀ ਘਿਰਨਾ ਨਾਲ ਤੈਨੂੰ ਛੋਹਣ (ਛੀਵੈ) ਤੋਂ ਡਰਦੇ ਹਨ ਪਰ ਤੈਨੂੰ ਆਪਣੀ ਨਿੱਜੀ ਮਹਾਨਤਾ ਦਾ ਪਤਾ ਹੀ ਨਹੀਂ ਕਿ ਤੂੰ ਕਿੰਨਾ ਵੀਰ, ਵਿਦਵਾਨ, ਮਿਹਨਤੀ ਤੇ ਇਮਾਨਦਾਰ ਹੈਂ। ਹੇ ਭਲੇ ਲੋਕ ਆਪਣੇ ਗੁਣਾਂ ਨੂੰ ਨਾ ਜਾਨਣ ਕਰਕੇ ਤੇਰਾ ਕਲਿਆਣ ਕਿਸ ਪ੍ਰਕਾਰ ਹੋ ਸਕਦਾ ਹੈ। ਨਿੱਜ ਨੂੰ ਨਾ ਜਾਨਣਾ ਤੇਰੇ ਲਈ ਸਰਾਪ ਹੈ, ਪਾਪ ਹੈ। ਮੇਰੇ ਆਦਰਨੀਯ ਵੀਰੋ। ਆਪਣੀ ਆਤਮਹੀਨਤਾ ਨੂੰ ਆਪਣੇ ਆਪੇ ਵਿੱਚੋਂ ਕੱਢ ਕੇ ਇਸ ਵਿਚ ਸਾਹਸ, ਅਣਖ, ਵੀਰਤਾ ਤੇ ਆਪਾ ਵਾਰਨ ਦੀ ਭਾਵਨਾ ਨੂੰ ਸਥਾਪਿਤ ਕਰੋ।

ਜਿਵੇਂ ਗੁਰੂ ਨਾਮਦੇਵ ਜੀ ਨੇ ਅਭਿਮਾਨੀਆਂ ਦਾ ਮੰਦਰ ਘੁਮਾ ਕੇ ਆਪਣੇ ਚਰਨਾਂ ਦੇ ਪਾਸੇ ਕਰ ਲਿਆ ਸੀ ਤੇ ਮਰੀ ਗਊ ਨੂੰ ਜੀਵਤ ਕਰ ਦਿੱਤਾ ਸੀ। ਗੁਰੂ ਕਬੀਰ ਜੀ ਨੂੰ ਬੰਨ੍ਹ ਕੇ ਸਾਗਰ ਵਿਚ ਡਬੋ ਦਿੱਤਾ ਸੀ ਪਰ ਉਹ ਡੁਬੇ ਨਹੀਂ। ਗੁਰੂ ਕਬੀਰ ਜੀ ਨੇ ਉਹਨਾਂ ਦਾ ਜਾਤੀ ਹੰਕਾਰ ਤੋੜ ਦਿੱਤਾ ਸੀ। ਗੁਰੂ ਕਬੀਰ ਜੀ ਨੂੰ ਸੰਗਲਾਂ ਨਾਲ ਜਕੜ ਕੇ ਮਸਤ ਹਾਥੀ ਦੇ ਅੱਗੇ ਸੁੱਟ ਦਿੱਤਾ ਤਾਂਕਿ ਹਾਥੀ ਗੁਰੂ ਕਬੀਰ ਜੀ ਨੂੰ ਪੈਰਾਂ ਨਾਲ ਕੁਚਲ ਕੇ ਮਾਰ ਦੇਵੇ। ਪਰ ਹਾਥੀ ਗੁਰੂ ਕਬੀਰ ਜੀ ਨੂੰ ਪ੍ਰਨਾਮ ਕਰਕੇ ਪਿੱਛੇ ਹੱਟ ਗਿਆ।

ਜਾਤੀ ਅਭਿਮਾਨੀ ਸਤਿਗੁਰੂ ਰਵਿਦਾਸ ਜੀ ਨੂੰ ਪ੍ਰਭੂ ਦੀ ਭਗਤੀ ਕਰਨ ਤੋਂ ਰੋਕ ਨਾ ਸਕੇ। ਉਹਨਾਂ ਦੀ ਭਾਰੀ ਪੱਥਰੀ ਗੰਗਾ ਵਿਚ ਤੈਰਦੀ ਰਹੀ। ਗੁਰੂ ਜੀ ਨੂੰ ਜਾਨੋਂ ਮਾਰਨ ਲਈ ਇਕੱਲਿਆਂ ਉੱਤੇ ਲਾਠੀਆਂ ਨਾਲ ਹਮਲਾ ਕਰ ਦਿੱਤਾ। ਉਹ ਸਾਰੇ ਆਪਸ ਵਿਚ ਹੀ ਲੜ ਲੜ ਮਰਦੇ ਰਹੇ। ਗੁਰੂ ਰਵਿਦਾਸ ਜੀ ਦਾ ਵਾਲ ਵੀ ਵਿੰਗਾ ਨਾ ਕਰ ਸਕੇ। ਉੱਚ ਜਾਤੀ ਦੇ ਹੰਕਾਰ ਦੇ ਕਾਰਨ ਸੰਤ ਮੀਰਾਂ ਜੀ ਨੂੰ ਗੁਰੂ ਰਵਿਦਾਸ ਜੀ ਦੀ ਚੇਲੀ ਬਨਣ ਤੋਂ ਰੋਕ ਨਾ ਸਕੇ ਸਗੋਂ ਮੀਰਾਂ ਜੀ ਨੇ ਡੱਟ ਕੇ ਕਿਹਾ, **"ਮੇਰੇ ਮਨ ਲਾਗੋ ਸਤਿਗੁਰ ਸੋਂ। ਅਬ ਨਾ ਰਹੂੰਗੀ ਅਟਕੀ॥ ਗੁਰੂ ਰੈਦਾਸ ਜੀ ਮਾਹਨੇ ਦੀਨੀ ਗਿਆਨ ਕੀ ਗੁਟਕੀ॥"** ਗੁਰੂ ਸਧਨਾ ਜੀ ਤੇ ਗੁਰੂ ਸੈਨ ਜੀ ਕਸਾਈ ਤੇ ਨਾਈ ਦਾ ਕਿੱਤਾ ਕਰਨ ਵਾਲਿਆਂ ਨੂੰ ਪ੍ਰਭੂ ਭਗਤੀ ਤੋਂ ਰੋਕ ਨਾ ਸਕੇ। ਡਾ. ਅੰਬੇਡਕਰ ਜੀ ਨੇ ਭਾਰਤ ਦਾ ਸੰਵਿਧਾਨ ਲਿਖ ਕੇ ਆਪਣੀ ਵਿਦਵਤਾ ਦਾ ਸਿੱਕਾ ਜਮਾ ਦਿੱਤਾ। ਆਪਣੇ ਸਮਾਜ ਨੂੰ ਵਿਦਿਆ ਦਾਨ ਕਰਨ ਤੋਂ ਮਹਾਤਮਾ ਜੋਤੀਬਾ ਫੂਲੇ ਨੂੰ ਰੋਕ ਨਾ ਸਕੇ। ਗਿਆਨੀ ਦਿੱਤ ਸਿੰਘ, ਸਵਿਤਰੀ ਬਾਈ ਫੂਲੇ, ਮੰਗੂ ਰਾਮ ਮੁਗੋਵਾਲ, ਨਰੈਣਾ ਗੁਰੂ, ਪੇਰੀਅਰ ਰਾਮਾਸਵਾਮੀ, ਬਿਰਸਾ ਮੁੰਡਾ, ਫੂਲਨ ਦੇਵੀ ਤੇ ਸਾਹੂ ਜੀ ਅਨੇਕਾਂ ਸਿਤਾਰੇ ਚਮਕਦੇ ਹਨ ਜਿਨ੍ਹਾਂ ਨਿੱਜ ਨੂੰ ਕੌਮ ਦੇ ਅਰਪਨ ਕੀਤਾ ਹੈ।

ਕਉਂਚ ਫਲੀ, ਕੌਂਛ ਜਾਂ ਕੌਂਚ। ਸੇਮ ਫਲੀ ਵਰਗੀ ਇਕ ਵੇਲ ਹੁੰਦੀ ਹੈ। ਫਲੀ ਵਿਚੋਂ ਦਾਣੇ ਕੱਢ ਕੇ ਇਸ

ਦੀ ਤਰਕਾਰੀ ਬਣਾਈ ਜਾਂਦੀ ਹੈ। ਮੇਰੇ ਨਿੱਜ ਗੁਰੂ, ਸੰਤ ਗਰੀਬ ਦਾਸ ਜੀ ਮਹਾਰਾਜ, ਡੇਰਾ ਸੱਚਖੰਡ ਬੱਲਾਂ ਦੇ ਛੇਵੇਂ ਗੱਦੀਨਸ਼ੀਨ ਜੀ ਦੇ ਦੱਸਣ ਅਨੁਸਾਰ ਇਹ ਇਕ ਫਲੀ ਹੁੰਦੀ ਹੈ ਜਿਸ ਉੱਪਰ ਕੰਢੇ ਹੁੰਦੇ ਹਨ। ਇਸ ਨੂੰ ਛੋਹਣ ਨਾਲ ਹੱਥਾਂ ਉੱਪਰ ਖਾਜ (ਖਾਰਿਸ਼) ਹੋਣ ਲੱਗ ਜਾਂਦੀ ਹੈ। ਇਸ ਕਾਰਨ ਇਸ ਨੂੰ ਕੋਈ ਨਹੀਂ ਛੂਹਦਾ। ਪਰੰਤੂ ਇਸ ਫਲੀ ਦੇ ਅੰਦਰਲੇ ਦਾਨਿਆਂ ਵਿਚ ਮਾਨਵ ਪ੍ਰਾਣੀ ਦੇ ਕਈ ਰੋਗ ਦੂਰ ਕਰਨ ਦੇ ਵੱਡੇ ਗੁਣ ਹਨ। ਮਾਨਵ ਕਲਿਆਣਕਾਰੀ ਹੋਣ ਕਰਕੇ ਇਹ ਬਹੁਤ ਵਡਮੁੱਲੀ ਹੈ। ਇਸ ਦੇ ਦਾਨਿਆਂ ਦੀ ਤਰੀ ਬਣਾ ਕੇ ਖਾਧੀ ਜਾਵੇ ਤਾਂ ਮਨੁੱਖ ਦਾ ਬਾਏ ਰੋਗ ਤੇ ਬਾਏ ਨਾਲ ਹੋਏ ਹੋਰ ਸਾਰੇ ਰੋਗ ਹਟ ਜਾਂਦੇ ਹਨ। ਮਨੁੱਖ ਨੂੰ ਇਸ ਦੇ ਗੁਣਾਂ ਦਾ ਪਤਾ ਨਹੀਂ ਕਿ ਇਹ ਕਿੰਨਾ ਮਾਨਵ ਹਿਤੈਸ਼ੀ ਪਦਾਰਥ ਹੈ। ਏਹੋ ਅਵਸਥਾ ਅੱਜ ਦੇ ਮੂਲਵਾਸੀ-ਆਦਿਵਾਸੀ ਸਮਾਜ ਦੀ ਹੈ ਜਿਹੜਾ ਸੰਸਾਰ ਦੀ ਸਭ ਤੋਂ ਉੱਤਮ ਸਭਿਅਤਾ ਸਿੰਧੂ ਘਾਟੀ ਮਹਿਜੋਦੜੋ ਦਾ ਵਾਰਿਸ ਹੁੰਦਿਆਂ ਹੋਇਆਂ ਵੀ ਆਪਣੇ ਆਪ ਨੂੰ ਘਟੀਆ ਸਮਝੀ ਬੈਠਾ ਹੈ। ਇਹੀ ਕਾਰਨ ਹੈ ਕਿ ਇਹ ਸਮਾਜ, ਹੀਣਭਾਵਨਾ, ਨਿਰਧਨਤਾ, ਅਨਪੜ੍ਹਤਾ ਤੇ ਗੁਲਾਮੀ ਦਾ ਜੀਵਨ ਬਤੀਤ ਕਰ ਰਿਹਾ ਹੈ। ਮੇਰਾ ਇਹ ਲੇਖ ਲਿਖਣ ਦਾ ਮੰਤਵ ਇਹ ਹੈ ਕਿ ਮੈਂ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ ਸ਼ਰਧਾਲੂਆਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਤੁਸੀਂ ਆਪਣੇ ਨਿੱਜ ਨੂੰ ਨਹੀਂ ਜਾਣਦੇ ਤਾਂ ਤੁਹਾਡਾ ਭਲਾ ਕਿਸ ਪ੍ਰਕਾਰ ਹੋ ਸਕਦਾ ਹੈ?

ਸ੍ਰੀ ਗੁਰੂ ਰਵਿਦਾਸ ਜੀ ਦੀ ਨਾਮ ਲੇਵਾ ਸੰਗਤ ਨੂੰ ਨਗਰ ਕੀਰਤਨ ਯਾਤਰਾਵਾਂ ਰਾਹੀਂ "ਆਪਾ ਪਛਾਣਨ" ਦੀ ਜਾਂਚ ਆਉਣੀ ਚਾਹੀਦੀ ਹੈ। ਜੋ ਸਫ਼ਲਤਾ ਦੀ ਕੁੰਜੀ ਹੈ। ਅੱਜ ਦਾ ਸਮਾਜ ਸਾਹਸੀਆਂ ਅੱਗੇ ਝੁਕਦਾ ਹੈ ਤੇ ਬਲ-ਹੀਣਾਂ ਨੂੰ ਫਿਟਕਾਰਦਾ ਹੈ। ਇਸ ਪ੍ਰਤੀ ਸਿਆਣੇ ਆਖਦੇ ਹਨ, "ਦੁਨੀਆਂ ਮੰਨਦੀ ਜ਼ੋਰਾਂ ਨੂੰ-ਲੱਖ ਲਾਹਨਤ ਕਮਜ਼ੋਰਾਂ ਨੂੰ।" ਅਤੇ "ਜਿਸ ਆਪਣਾ ਪਛਾਣਿਆ-ਉਸ ਰੱਬ ਨੂੰ ਜਾਣਿਆ।" ਏਹੋ ਨਗਰ ਕੀਰਤਨਾਂ, ਯਾਤਰਾਵਾਂ ਦਾ ਸੰਦੇਸ਼ ਹੈ। ਏਸੇ ਨਾਲ ਸ਼ਰਧਾਲੂਆਂ ਨੂੰ ਉਤਸ਼ਾਹਿਤ ਕਰਨ ਦਾ ਸੰਦੇਸ਼ ਹੈ। ਏਸੇ ਨਾਲ ਸ਼ਰਧਾਲੂਆਂ ਨੂੰ ਗੁਰੂ ਦੇ ਚਰਨਾਂ ਨਾਲ ਜੋੜਨ ਦਾ ਮੰਤਵ ਪੂਰਨ ਹੁੰਦਾ ਹੈ। ਪਾਠਕੋ ! ਨਿੱਜ ਨੂੰ ਜਾਣੋ ਤੇ ਮੌਜਾਂ ਮਾਣੋ। ਯਾਦ ਰੱਖੋ !!! ਸੁੱਖ ਨੇ ਤੁਹਾਡੇ ਕੋਲ ਨਹੀਂ ਆਉਣਾ, ਤੁਹਾਨੂੰ ਹੀ ਸੁੱਖ ਦੇ ਕੋਲ ਜਾਣਾ ਪੈਣਾ ਹੈ।

## ਜਪ ਲੈ ਗੁਰਾਂ ਦਾ ਨਾਂ

ਜਪ ਲੈ ਗੁਰਾਂ ਦਾ ਨਾਂ ਬੰਦਿਆ ਤੇਰੀ ਉਮਰ ਬੀਤਦੀ ਜਾਂਦੀ।
ਲੰਘਿਆ ਵੇਲਾ ਹੱਥ ਨਹੀਂ ਆਉਣਾ, ਫਿਰ ਰਹੇਗਾ ਪਛਤਾਅ ਬੰਦਿਆ।
ਜਪ ਲੈ ਗੁਰਾਂ ਦਾ ਨਾਂ ਬੰਦਿਆਂ......
ਸੰਸਾਰੀ ਝੂਠੇ ਛੱਡਦੇ ਧੰਦੇ, ਕੰਮ ਨਹੀਂ ਤੇਰੇ ਆਉਣੇ ਬੰਦੇ।
ਮਹਾਂਪੁਰਸ਼ਾਂ ਦੀ ਮੰਨ ਲੈ ਸਲਾਹ ਬੰਦਿਆ।
ਜਪ ਲੈ ਗੁਰਾਂ ਦਾ ਨਾਂ ਬੰਦਿਆ ........
ਇੱਥੇ ਤੂੰ ਬੈਠਾ ਨੀ ਰਹਿਣਾ, ਪਾ ਲੈ ਗੱਲ ਵਿੱਚ ਨਾਮ ਦਾ ਗਹਿਣਾ।
ਸੁੱਖ ਜ਼ਿੰਦਗੀ ਦੇ ਸਭ ਪਾ ਬੰਦਿਆਂ, ਜਪ ਲੈ ਗੁਰਾਂ ਦਾ ਨਾਂ ਬੰਦਿਆਂ.......
ਗੁਰਾਂ ਦੀ ਬਾਣੀ ਮਨ 'ਚ ਵਸਾ ਲੈ, ਜੀਵਨ ਆਪਣਾ ਸਫ਼ਲ ਬਣਾ ਲੈ।
ਬੇਗਮਪੁਰੇ ਰਾਹ ਪੈ ਬੰਦਿਆ, ਜਪ ਲੈ ਗੁਰਾਂ ਦਾ ਨਾਂ ਬੰਦਿਆ........
ਰੱਬ ਨਾਲ ਸੱਚੀ ਪ੍ਰੀਤ ਤੂੰ ਜੋੜੀਂ, 'ਚੁਖਿਆਰੇ' ਕਿਸੇ ਦਾ ਦਿਲ ਨਾ ਤੋੜੀਂ,
ਪਿਆਰੇ ਲਾਲ ਰਿਹਾ ਤੈਨੂੰ ਸਮਝਾ ਬੰਦਿਆ, ਜਪ ਲੈ ਗੁਰਾਂ ਦਾ ਨਾਂ ਬੰਦਿਆ।
ਤੇਰੀ ਉਮਰ ਬੀਤਦੀ ਜਾਂਦੀ, ਲੰਘਿਆ ਵੇਲਾ ਹੱਥ ਨਹੀਂ ਆਉਣਾ।
ਫਿਰ ਰਹੇਂਗਾ ਪਛਤਾਅ ਬੰਦਿਆ, ਜਪ ਲੈ ਗੁਰਾਂ ਦਾ ਨਾਂ ਬੰਦਿਆ।

ਸੂਬੇਦਾਰ ਮੇਜਰ
ਪਿਆਰੇ ਲਾਲ ਚੁਖਿਆਰਾ
ਪਿੰਡ ਤੇ ਡਾਕਖਾਨਾ ਚੁਖਿਆਰਾ,
ਜ਼ਿਲ੍ਹਾ ਜਲੰਧਰ
98156-92838

# ਦਲਿਤ ਸਮਾਜ ਆਪਣੀ ਹੋਂਦ ਨੂੰ ਬਰਕਰਾਰ ਰੱਖਣ ਲਈ ਹਰ ਕੁਰਬਾਨੀ ਦੇਵੇ



ਚਰਨਜੀਤ ਸਿੰਘ ਬਿਨਪਾਲਕੇ
98148-39944

ਕਿਸੇ ਵੀ ਮਨੁੱਖ ਨੂੰ ਸੰਸਾਰ 'ਤੇ ਰਹਿਣ ਵਾਸਤੇ ਕੁੱਲੀ, ਗੁੱਲੀ ਅਤੇ ਜੁੱਲੀ ਦੀ ਜ਼ਰੂਰਤ ਹੁੰਦੀ ਹੈ ਪਰ ਇਸ ਤੋਂ ਵੀ ਬਹੁਤ ਅਹਿਮ ਹੈ ਕਿ ਮਨੁੱਖ ਦਾ ਸੰਸਾਰ ਦੇ ਵਿਚ ਮਾਣ ਸਨਮਾਨ ਅਤੇ ਆਜ਼ਾਦੀ ਭਰਿਆ ਜੀਵਨ ਹੋਵੇ। ਅੱਜ ਦੁਨੀਆਂ ਦੇ 70% ਲੋਕ ਧਰਮਾਂ ਨੂੰ ਮੰਨਦੇ ਹਨ ਪਰ ਜ਼ਿਆਦਾਤਰ ਧਰਮਾਂ ਦਾ ਮੁੱਖ ਕੰਮ ਦੂਸਰੇ ਲੋਕਾਂ ਨੂੰ ਦਬਾ ਕੇ ਰੱਖਣਾ ਹੀ ਹੋ ਚੁੱਕਾ ਹੈ ਉਨ੍ਹਾਂ ਦਾ ਮਾਨ ਸਨਮਾਨ ਖਤਮ ਕਰਨਾ ਅਤੇ ਆਪਣੇ ਆਪ ਨੂੰ ਉੱਚਾ ਸਾਬਤ ਕਰਨਾ ਹੈ।

ਕੁਝ ਧਰਮਾਂ ਦੇ ਲੋਕ ਇਸ ਗੱਲ ਦਾ ਦਾਅਵਾ ਕਰਦੇ ਥੱਕਦੇ ਨਹੀਂ ਕਿ ਸਾਡਾ ਧਰਮ ਸਾਰੇ ਮਨੁੱਖਾਂ ਨੂੰ ਬਰਾਬਰ ਸਮਝਦਾ ਹੈ ਅਤੇ ਸਾਡੇ ਧਰਮ ਦੇ ਲੋਕ ਦੂਸਰੇ ਲੋਕਾਂ ਨਾਲ ਕੋਈ ਭੇਦਭਾਵ ਨਹੀਂ ਕਰਦਾ। ਪਰ ਜੇ ਹਕੀਕਤ ਵਿੱਚ ਦੇਖੀਏ ਤਾਂ ਇਹ ਗੱਲਾਂ ਨਿਰੀਆਂ ਝੂਠ ਹਨ ਤੇ ਦੁਨੀਆਂ ਨੂੰ ਗੁੰਮਰਾਹ ਕਰਨ ਵਾਲੀਆਂ ਹਨ। ਇਹ ਗੱਲਾਂ ਏਸ ਲਈ ਕਹਿਣੀਆਂ ਪੈ ਰਹੀਆਂ ਹਨ ਕਿਉਂਕਿ ਦਲਿਤ ਸਮਾਜ ਅਤੇ ਉਸ ਦੇ ਰਹਿਬਰਾਂ ਨੂੰ ਅੱਜ ਤਕਰੀਬਨ ਹਰ ਧਰਮ ਹਰ ਅਖੌਤੀ ਉੱਚ ਜਾਤੀ ਸਮਾਜ ਦੇ ਲੋਕ ਦਬਾ ਕੇ ਰਖਣਾ ਚਾਹੁੰਦਾ ਹੈ। ਬੇਸ਼ੱਕ ਉਨ੍ਹਾਂ ਦੇ ਧਰਮ ਦੇ ਵਿੱਚ ਜਾਤ ਪਾਤ, ਊਚ ਨੀਚ ਦਾ ਭਰਪੂਰ ਖੰਡਨ ਕੀਤਾ ਗਿਆ ਹੋਵੇ। ਇਹ ਵੀ ਦੇਖਿਆ ਗਿਆ ਹੈ ਕਿ ਉਸ ਧਰਮ ਦੇ ਬਹੁਤੇ ਲੋਕ ਇਨ੍ਹਾਂ ਗੱਲਾਂ ਦਾ ਭਰਪੂਰ ਸਮਰਥਨ ਕਰਦੇ ਹਨ। ਦਲਿਤਾਂ ਦੀ ਹਜ਼ਾਰਾਂ ਸਾਲਾਂ ਦੀ ਗੁਲਾਮੀ ਨੂੰ ਆਦਿਵਾਸੀ ਰਹਿਬਰਾਂ ਅਤੇ ਸਮਾਜ ਸੁਧਾਰਕਾਂ ਨੇ ਆਪਣੇ ਵਿਚਾਰਾਂ ਦੀ ਤਾਕਤ ਨਾਲ ਤੋੜਣ ਦਾ ਯਤਨ ਕੀਤਾ। ਇਹਨਾਂ ਰਹਿਬਰਾਂ ਦੇ ਉਦੇਸ਼ ਨੂੰ ਮੰਜਲ-ਏ-ਮਕਸੂਦ ਪਹੁੰਚਾਉਣਾ ਹਰ ਦਲਿਤ ਦਾ ਫਰਜ਼ ਹੈ। ਦਲਿਤਾਂ ਨੂੰ ਆਪਣੇ ਸਮਾਜ ਦੇ ਸੁਖਾਲੇ ਜੀਵਨ ਜਿਊਣ, ਮਾਣ ਸਨਮਾਨ ਹਾਸਲ ਕਰਨ ਅਤੇ ਆਪਣੀ ਹੋਂਦ ਨੂੰ ਬਰਕਰਾਰ ਰੱਖਣ ਲਈ ਕੁਰਬਾਨੀ ਦੀ ਜ਼ਰੂਰਤ ਹੈ। ਜੀਵਨ ਦਾ ਬਲੀਦਾਨ ਦੇਣ ਦੇ ਨਾਲ ਨਾਲ ਆਪਣੇ ਸ਼ੁੱਭ ਵਿਚਾਰ, ਆਪਣੇ ਪੈਸੇ, ਆਪਣੀ ਮਿਹਨਤ ਨੂੰ ਸਮਾਜ ਦੇ ਲੇਖੇ ਲਾਉਣਾ, ਤਿਆਗ ਦੀ ਭਾਵਨਾ ਨੂੰ ਅਪਨਾਉਣਾ, ਹਉਮੇ ਨੂੰ ਤਿਆਗਣਾ ਵੀ ਕੁਰਬਾਨੀ ਹੈ। ਪਰ ਅੱਜ ਦਲਿਤ ਸਮਾਜ ਕਿੱਥੇ ਖੜ੍ਹਾ ਹੈ? ਉਹ ਆਪਣੇ ਛੋਟੇ ਛੋਟੇ ਨਿੱਜੀ ਫਾਇਦਿਆਂ ਲਈ ਸਮਾਜ ਨੂੰ ਹੀ ਕੁਰਬਾਨ ਕਰਦਾ ਜਾ ਰਿਹਾ ਹੈ। ਅੱਜ ਜਿੰਨੇ ਸੰਗਠਨ ਸਮਾਜ ਲਈ ਕੰਮ ਕਰ ਰਹੇ ਹਨ ਉਨ੍ਹਾਂ ਵਿੱਚੋਂ ਬਹੁਤੇ ਆਪਣੇ ਨਿੱਜੀ ਫਾਇਦਿਆਂ ਲਈ ਕੰਮ ਕਰਦੇ ਹਨ। ਆਪਣੇ ਛੋਟੇ-ਛੋਟੇ ਲਾਭਾਂ ਲਈ ਆਪਣੇ ਰਹਿਬਰਾਂ ਦੀ ਵਿਚਾਰਧਾਰਾ, ਉਨ੍ਹਾਂ ਦੇ ਸਿਧਾਂਤਾਂ ਅਤੇ ਸਮਾਜ ਦੇ ਲੋਕਾਂ ਨੂੰ ਦਾਅ ਤੇ ਲਾਉਣਾ ਉਨ੍ਹਾਂ ਵਾਸਤੇ ਆਮ ਗੱਲ ਹੈ। ਜਦੋਂ ਸਮਾਜ 'ਤੇ ਭਾਰੀ ਪੈਂਦੀ ਹੈ ਤਾਂ ਸਮਾਜ ਇੱਕ ਦਮ ਇਕੱਠਾ ਹੋ ਕੇ ਉਸ ਦਾ ਜ਼ਬਰਦਸਤ ਵਿਰੋਧ ਕਰਦਾ ਹੈ। ਇਸ ਨਾਲ ਸਮਾਜ ਦਾ ਬੜਾ ਸਮਾਂ ਤੇ ਪੈਸਾ ਬਰਬਾਦ ਹੁੰਦਾ ਹੈ। ਸਮਾਜ ਨੂੰ ਬੜੇ ਹੀ ਤਨਾਅ ਵਿੱਚੋਂ ਲੰਘਣਾ ਪੈਂਦਾ ਹੈ। ਪਰ ਜਦੋਂ ਉਸ ਸੰਘਰਸ਼ ਨੂੰ ਬੂਰ ਪੈਣ ਲੱਗਦਾ ਹੈ ਤਾਂ ਸਮਾਜ ਦੇ ਸੰਘਰਸ਼ੀ ਆਗੂ ਵਿਰੋਧੀਆਂ ਦੀਆਂ ਚਾਲਾਂ ਵਿਚ ਆ ਕੇ ਖੇਰੂੰ-ਖੇਰੂੰ ਹੋ ਜਾਂਦੇ ਹਨ। ਕੁਝ ਨੂੰ ਡਰਾ ਕੇ ਧਮਕਾ ਕੇ ਦਬਾ ਕੇ ਜਾਂ ਲਾਲਚ ਦੇ ਕੇ ਬਿਠਾ ਦਿੱਤਾ ਜਾਂਦਾ ਹੈ ਅਤੇ ਸੰਘਰਸ਼ ਨੂੰ ਫੇਲ੍ਹ ਕਰਕੇ ਠੰਢੇ ਬਸਤੇ ਵਿੱਚ ਪਾ ਦਿੱਤਾ ਜਾਂਦਾ ਹੈ। ਇਸ ਦੀਆਂ ਕੁਝ ਤਾਜ਼ੀਆਂ ਉਦਾਹਰਨਾਂ ਹਨ ਕਿ ਸੰਵਿਧਾਨ ਚੌਂਕ ਫਗਵਾੜਾ ਦਾ ਸੰਘਰਸ਼, ਗੁਰੂ ਰਵਿਦਾਸ ਹਵਾਈ ਅੱਡਾ ਆਦਮਪੁਰ ਦਾ ਸੰਘਰਸ਼, ਤੁਗਲਕਾਬਾਦ ਮੰਦਿਰ ਦਾ ਸੰਘਰਸ਼। ਸਰਕਾਰਾਂ ਲਈ ਦਲਿਤ ਸਮਾਜ ਦੇ ਲੋਕ ਅਤੇ ਇਨ੍ਹਾਂ ਦੇ ਰਹਿਬਰ ਕਿਸੇ ਵੀ ਗਿਣਤੀ ਵਿੱਚ ਨਹੀਂ ਹਨ। ਕਈ ਸਾਲਾਂ ਤੋਂ ਖੁਰਾਲਗੜ੍ਹ ਸਾਹਿਬ ਵਿਖੇ ਮੀਨਾਰ-ਏ-ਬੇਗਮਪੁਰਾ ਦਾ

ਪ੍ਰਾਜੈਕਟ ਲਟਕਾਇਆ ਹੋਇਆ ਹੈ। ਸਾਡੇ ਸਮਾਜ ਨੂੰ ਪੇਸ਼ ਆਉਂਦੀਆਂ ਸਮੱਸਿਆਵਾਂ ਦਾ ਇਕ ਕਾਰਨ ਇਹ ਹੈ ਕਿ ਸਾਡੇ ਸਮਾਜ ਵਿਚ ਸੰਗਠਨ ਤਾਂ ਬਹੁਤ ਹਨ ਪਰ ਉਨ੍ਹਾਂ ਵਿੱਚ ਇਮਾਨਦਾਰੀ, ਤਿਆਗ ਕੁਰਬਾਨੀ ਅਤੇ ਏਕੇ ਦੀ ਭਾਵਨਾ ਬਿਲਕੁਲ ਨਹੀਂ ਹੈ। ਇੱਥੋਂ ਤੱਕ ਕਿ ਬਹੁਤ ਸਾਰੇ ਵੱਡੇ-ਵੱਡੇ ਸੰਗਠਨ ਵਿਕਾਊ ਟਾਈਪ ਦੇ ਹਨ। ਜਿਹੜੇ ਸਮਾਜ ਨੂੰ ਵੇਚਣ ਲੱਗੇ ਰਤਾ ਦੇਰ ਨਹੀਂ ਲਗਾਉਂਦੇ। ਸੋਸ਼ਲ ਮੀਡੀਆ ਤੇ ਇਹ ਗੱਲ ਪ੍ਰਤੱਖ ਸਾਹਮਣੇ ਆ ਚੁੱਕੀ ਹੈ ਕਿ ਇਕ ਪਾਸੇ ਅਸੀਂ ਆਪਣੇ ਸਮਾਜ ਵਿਰੋਧੀ ਸੰਗਠਨਾਂ ਅਤੇ ਸਰਕਾਰਾਂ ਦਾ ਵਿਰੋਧ ਕਰਦੇ ਹਾਂ ਅਤੇ ਦੂਸਰੇ ਪਾਸੇ ਉਹਨਾਂ ਦੀਆਂ ਸਭਾਵਾਂ ਵਿਚ ਜਾਂਦੇ ਹਾਂ ਤੇ ਉਹਨਾਂ ਦੇ ਆਗੂਆਂ ਨਾਲ ਫੋਟੋ ਖਿਚਵਾਉਂਦੇ ਹਾਂ। ਕੁਝ ਲੋਕ ਸਮਾਜ ਵਿਰੋਧੀ ਸੰਗਠਨਾਂ ਦੇ ਮੈਂਬਰ ਵੀ ਹਨ ਅਤੇ ਦਲਿਤ ਸਮਾਜ ਵਿਚ ਵੀ ਸੰਘਰਸ਼ ਕਰਦੇ ਨਜ਼ਰ ਆਉਂਦੇ ਹਨ। ਦਲਿਤ ਸਮਾਜ ਦੀ ਦੂਸਰੀ ਸਮੱਸਿਆ ਇਹ ਹੈ ਕਿ ਉਹ ਪ੍ਰਧਾਨਗੀਆਂ, ਚੌਧਰਾਂ ਤੇ ਸਮਾਜ ਵਿਚ ਆਪਣਾ ਰੁਤਬਾ ਬਨਾਉਣ ਲਈ ਇਕੋ ਸੰਸਥਾ ਦੇ ਕਈ-ਕਈ ਟੋਟੇ ਕਰ ਦਿੰਦੇ ਹਨ। ਫਿਰ ਇਕ ਹਿੱਸਾ ਆਪਣੀ ਹੋਂਦ ਨੂੰ ਬਚਾਉਣ ਜਾਂ ਦੂਸਰੀ ਸੰਸਥਾ ਤੇ ਭਾਰੀ ਹੋਣ ਵਾਸਤੇ ਵਿਰੋਧੀਆਂ ਵਿਚ ਜਾ ਰਲਦਾ ਹੈ। ਉਹਨਾਂ ਦੇ ਇਸ਼ਾਰਿਆਂ ਤੇ ਚੱਲ ਕੇ ਕੌਮ ਨੂੰ ਬਰਬਾਦ ਕਰਦਾ ਹੈ। ਇਸ ਤਰ੍ਹਾਂ ਉਹ ਗੁਰੂ ਰਵਿਦਾਸ ਜੀ ਦੇ ਸਭ ਤੋਂ ਵੱਡੇ ਸਿਧਾਂਤ **ਸਤਿਸੰਗ ਮਿਲਿ ਰਹੀਐ ਮਾਧਓ ॥** ਅਤੇ ਬਾਬਾ ਡਾ. ਭੀਮ ਰਾਓ ਅੰਬੇਡਕਰ ਜੀ ਦੇ ਪ੍ਰਮੁੱਖ ਸਿਧਾਂਤ **ਪੜ੍ਹੋ-ਜੁੜੋ-ਸੰਘਰਸ਼ ਕਰੋ** ਵਿਚ ਮਿਲ ਕੇ ਰਹਿਣ ਅਰਥਾਤ ਜੁੜਨ ਦੇ ਸਿਧਾਂਤ ਨੂੰ ਮਨਫ਼ੀ ਕਰਕੇ ਆਪਣੇ ਰਹਿਬਰਾਂ ਦੇ ਹੁਕਮ ਇਕੱਠੇ ਹੋਣ, ਏਕੇ ਵਿਚ ਰਹਿਣ ਦੀਆਂ ਧੱਜੀਆਂ ਉਡਾ ਦਿੰਦੇ ਹਨ। ਜੇਕਰ ਅਸੀਂ ਆਪਣੇ ਰਹਿਬਰਾਂ ਦੇ ਸਿਧਾਂਤਕ ਉਪਦੇਸ਼ਾਂ ਦੀ ਪਾਲਣਾ ਨਹੀਂ ਕਰਦੇ ਤਾਂ ਕੀ ਅਸੀਂ ਇਨ੍ਹਾਂ ਦੇ ਅਨੁਯਾਈ ਕਹਾਉਣ ਦੇ ਹੱਕਦਾਰ ਹਾਂ? ਆਪਣੇ ਰਹਿਬਰਾਂ ਦੇ ਨਾਂਅ ਤੇ ਸੰਸਥਾ ਬਣਾਉਣ ਦਾ ਕੀ ਮਕਸਦ ਹੋਇਆ? ਬੱਸ ਇਹੀ ਮਕਸਦ ਕਿ ਆਪਣੀ ਚੌਧਰ ਨੂੰ ਪਗਾਉਣਾ ਜਾਂ ਸਮਾਜ ਨੂੰ ਵੇਚਣਾ ਚਾਹੀਦਾ ਤਾਂ ਇਹ ਹੈ ਕਿ ਇਹ ਸਾਰੇ ਸੰਗਠਨ ਸਮਾਜ ਨੂੰ ਇਕੱਠਾ ਕਰਨ ਅਤੇ ਸਮਾਜ ਤੇ ਹੁੰਦੇ ਜ਼ੁਲਮ ਨੂੰ ਠੱਲ੍ਹ ਪਾਉਣ ਲਈ ਅਸੀਂ ਆਪਣੀ ਹਰ ਕੁਰਬਾਨੀ ਲਈ ਤਿਆਰ-ਬਰ-ਤਿਆਰ ਰਹਿਣ। ਇੱਥੇ ਦਲਿਤ ਸਮਾਜ ਦੇ ਲੋਕ ਆਪਣੀ ਜਾਨ ਦੀ ਕੁਰਬਾਨੀ ਤਾਂ ਦੇ ਸਕਦੇ ਹਾਂ ਪਰ ਆਪਣੇ ਹਉਮੈ, ਆਪਣੀ ਚੌਧਰ ਦੀ ਕੁਰਬਾਨੀ ਦੇਣ ਲਈ ਰਾਜ਼ੀ ਨਹੀਂ। ਜੇਕਰ ਅਸੀਂ ਸਹੀ ਮਾਅਨਿਆ ਵਿੱਚ ਆਪਣੇ ਸਮਾਜ ਦੀ ਸੇਵਾ ਕਰਨੀ ਹੈ ਤਾਂ ਸਾਨੂੰ ਆਪਣੀ ਹਉਮੈ ਅਤੇ ਨਿੱਜੀ ਸਵਾਰਥ ਨੂੰ ਹਰ ਹੀਲੇ ਕੁਰਬਾਨ ਕਰਨਾ ਪਵੇਗਾ।

# ਲੈਵੀ ਅਤੇ ਉਸ ਦੀ ਚਾਚੀ ਦਾ ਸੰਵਾਦ-6



**ਬਖਸ਼ੀ ਰਾਮ ਦਰਾਵਾਂ**
**88726-92300**

**ਲੈਵੀ** - ਜੈ ਗੁਰੂਦੇਵ! ਚਾਚੀ ਜੀ ਕੀ ਹਾਲ ਚਾਲ ਹੈ, ਠੀਕ ਠਾਕ ਹੋ?

**ਚਾਚੀ** - ਧੰਨ ਗੁਰੂ ਦੇਵ! ਲੈਵੀ ਠੀਕ ਠਾਕ ਹਾਂ। ਤੁਸੀਂ ਆਪਣੀ ਸਿਹਤ ਦਾ ਖਿਆਲ ਰੱਖੋ।

**ਲੈਵੀ** - ਚਾਚੀ ਜੀ ਗੁਰੂ ਰਵਿਦਾਸ ਦਾ ਗੁਰਪੁਰਬ ਨਜ਼ਦੀਕ ਆ ਗਿਆ ਹੈ। ਸਾਰੇ ਪਾਸੇ ਤਿਆਰੀਆਂ ਆਰੰਭ ਹੋ ਗਈਆਂ ਹਨ।

**ਚਾਚੀ** - ਹਾਂ, ਲੈਵੀ ਸਾਰੀਆਂ ਸੰਗਤਾਂ ਨੇ ਆਪਣੇ ਪਾਤਸ਼ਾਹ ਦਾ ਪ੍ਰਕਾਸ਼ ਦਿਹਾੜਾ ਬੜੀ ਹੀ ਸ਼ਰਧਾ ਸਹਿਤ ਮਨਾਉਣਾ ਹੈ।

**ਲੈਵੀ** - ਚਾਚੀ ਜੀ ਅਸੀਂ ਪ੍ਰਕਾਸ਼ ਦਿਹਾੜੇ 'ਤੇ ਸਤਿਗੁਰੂ ਜੀ ਦੀ ਬਾਣੀ ਅਤੇ ਉਪਦੇਸ਼ਾਂ ਨੂੰ ਪੜ੍ਹਨ ਤੇ

ਸਮਝਣ ਦੀ ਬਜਾਏ ਲੰਗਰਾਂ ਡੈਕੋਰੇਸ਼ਨਾਂ, ਸ਼ੋਰ-ਸ਼ਰਾਬੇ ਵਾਲੇ ਸੰਗੀਤ ਅਤੇ ਆਏ ਮਹਿਮਾਨਾਂ ਨੂੰ ਮਾਨ ਸਨਮਾਨ ਦੇਣ ਵੱਲ ਜ਼ਿਆਦਾ ਧਿਆਨ ਦਿੰਦੇ ਹਾਂ ਅਤੇ ਹੱਦੋਂ ਵੱਧ ਖ਼ਰਚ ਕਰਦੇ ਹਾਂ।

**ਚਾਚੀ** - ਹਾਂ, ਲੈਵੀ ਸਾਨੂੰ ਸਾਦੇ ਲੰਗਰਾਂ, ਸਾਦੀਆਂ ਡੈਕੋਰੇਸ਼ਨਾਂ ਅਤੇ ਸ਼ਾਂਤਮਈ ਅਨੰਦ ਭਰਪੂਰ ਕੀਰਤਨ ਜਾਂ ਰਾਗ ਰਤਨ ਵੱਲ ਧਿਆਨ ਦਿੰਦਿਆਂ ਸਤਿਗੁਰੂ ਜੀ ਦੀ ਬਾਣੀ ਅਤੇ ਬਾਣੀ ਤੋਂ ਪ੍ਰਗਟ ਹੋਏ ਸਿਧਾਤਾਂ ਨੂੰ ਅਪਣਾਉਣ ਅਤੇ ਪ੍ਰਚਾਰਨ ਲਈ ਉਪਰਾਲੇ ਕਰਨੇ ਚਾਹੀਦੇ ਹਨ।

**ਲੈਵੀ** - ਚਾਚੀ ਜੀ ਕੀ ਗੁਰੂ ਰਵਿਦਾਸ ਜੀ ਨੇ ਆਪਣੇ ਇਸ ਸ਼ਬਦ ਵਿਚ ਹਿੰਦੂ ਧਰਮ ਦੇ ਯੁੱਗਾਂ ਦੀ ਉਪਮਾ ਕਰਦੇ ਹਨ? ਗੁਰੂ ਜੀ ਫੁਰਮਾਉਂਦੇ ਹਨ –

**ਸਤਜੁਗਿ ਸਤੁ, ਤੇਤਾ ਜਗੀ, ਦੁਆਪਰਿ ਪੂਜਾਚਾਰ॥**

**ਤੀਨੌ ਜੁਗ ਤੀਨੌ ਦਿੜੇ, ਕਲਿ ਕੇਵਲ ਨਾਮ ਅਧਾਰ॥**

**ਚਾਚੀ** - ਨਹੀਂ, ਲੈਵੀ ਇਸ ਸ਼ਬਦ ਦੁਆਰਾ ਸਤਿਗੁਰੂ ਜੀ ਨੇ ਯੁੱਗਾਂ ਅਤੇ ਉਨ੍ਹਾਂ ਦੀ ਪੂਜਾ ਵਿਧੀ ਦੀ ਪ੍ਰੋੜ੍ਹਤਾ ਨਹੀਂ ਕੀਤੀ, ਸਗੋਂ ਗੁਰੂ ਜੀ ਨੇ ਵਿਸ਼ਨੂੰ ਪੁਰਾਣ ਦੇ ਅੰਸ਼ 6 ਵਿਚਲੇ ਸੰਸਕ੍ਰਿਤ ਦੇ ਇੱਕ ਸਲੋਕ ਦਾ ਤਰਜਮਾਂ ਕਰਦਿਆਂ ਯੁੱਗਾਂ ਵਿੱਚ ਪ੍ਰਭ ਪੂਜਾ ਲਈ ਕੀਤੇ ਜਾਂਦੇ ਵਿਧੀ ਵਿਧਾਨ ਦਾ ਜ਼ਿਕਰ ਕੀਤਾ ਹੈ।

**ਲੈਵੀ** - ਚਾਚੀ ਜੀ, ਕੀ **ਕਲਿ ਕੇਵਲ ਨਾਮ ਅਧਾਰ** ਤੋਂ ਭਾਵ ਹੈ ਕਿ ਕਲਯੁੱਗ ਵਿੱਚ ਕੇਵਲ ਪ੍ਰਮਾਤਮਾ ਦਾ ਨਾਮ ਜਪਣਾ ਹੀ ਪ੍ਰਭ ਪੂਜਾ ਹੈ?

**ਚਾਚੀ** - ਨਹੀਂ, ਲੈਵੀ ਇਸ ਦਾ ਭਾਵ ਕਿ ਪੁਰਾਣਾਂ ਵਿੱਚ ਜ਼ਿਕਰ ਹੈ ਕਿ ਕਲਯੁੱਗ ਵਿੱਚ ਅਖੌਤੀ ਭਗਵਾਨਾਂ ਦੀ ਪੂਜਾ ਭਾਵ ਉਨ੍ਹਾਂ ਦੀ ਮੂਰਤੀਆਂ ਦੀ ਪੂਜਾ ਕਰਨੀ ਚਾਹੀਦੀ ਹੈ।

**ਲੈਵੀ** - ਪਰ ਕੀ ਚਾਚੀ ਮੂਰਤੀਆਂ ਦੀ ਪੂਜਾ ਦੇ ਨਾਲ ਮਨੁੱਖ ਪ੍ਰਮਾਤਮਾ ਨੂੰ ਪਾ ਸਕਦਾ ਹੈ?

**ਚਾਚੀ** - ਲੈਵੀ ਮੂਰਤੀ ਪੂਜਾ ਅਤੇ ਇਨ੍ਹਾਂ ਯੁੱਗਾਂ ਦੀ ਪੂਜਾ ਵਿਧੀ ਨਾਲ ਮਨੁੱਖ ਪ੍ਰਮਾਤਮਾ ਨੂੰ ਪਾ ਨਹੀਂ ਸਕਦਾ। ਇਸੇ ਕਰਕੇ ਸਤਿਗੁਰੂ ਜੀ ਨੇ ਇਸ ਸ਼ਬਦ ਦੇ ਅਗਲੇ ਬੰਦ ਵਿੱਚ ਕਿਹਾ ਕਿ

**ਪਾਰੁ ਕੈਸੇ ਪਾਇਬੋ ਰੇ॥**

**ਮੋ ਸਉ ਕੋਊ ਨ ਕਹੈ ਸਮਝਾਇ॥**

**ਜਾ ਤੇ ਆਵਾਗਵਨ ਬਿਲਾਇ॥**

ਭਾਵ ਇਸ ਪੂਜਾ ਵਿਧੀ ਨਾਲ ਤੁਸੀਂ ਪ੍ਰਮਾਤਮਾ ਨੂੰ ਪਾ ਹੀ ਨਹੀਂ ਸਕਦੇ। ਕਿਉਂਕਿ ਇਸ ਪੂਜਾ ਦੁਆਰਾ ਓਸ ਪਰਮਾਤਮਾ ਦੇ ਨਾਲ ਪ੍ਰੇਮ ਦੀ ਉਪਜ ਨਹੀਂ ਹੋ ਸਕਦੀ।

**ਲੈਵੀ** - ਚਾਚੀ ਜੀ ਕਿਹਾ ਜਾਂਦਾ ਹੈ ਕਿ ਸਤਿਯੁਗ ਦਾ ਸਮਾਂ ਬੜਾ ਚੰਗਾ ਸੀ ਪਰ ਕਲਯੁੱਗ ਦਾ ਸਮਾਂ ਬੜਾ ਮਾੜਾ ਤੇ ਭਿਆਨਕ ਹੈ। ਕੀ ਅੱਜ ਕਲਯੁੱਗ ਦਾ ਸਮਾਂ ਚੱਲ ਰਿਹਾ ਹੈ? ਗੁਰਬਾਣੀ ਵਿੱਚ ਵੀ **ਕਲਜੁਗ ਮਹਿ ਕੀਰਤਨੁ ਪਰਧਾਨਾ॥** ਦੀ ਗੱਲ ਕੀਤੀ ਗਈ ਹੈ?

**ਚਾਚੀ** - ਲੈਵੀ ਗੁਰਬਾਣੀ ਵਿੱਚ ਜਿਸ ਕਲਜੁਗ ਦੀ ਗੱਲ ਕੀਤੀ ਗਈ ਹੈ ਉਸ ਦਾ ਭਾਵ ਹੈ ਕਿ ਮਨੁੱਖ ਦਾ ਉਹ ਸਮਾਂ ਜਿਹੜਾ ਪਰਮਾਤਮਾ ਦੀ ਯਾਦ ਤੋਂ ਬਗ਼ੈਰ ਭਾਵ ਪਰਮਾਤਮਾ ਦੀ ਵਿਚਾਰਧਾਰਾ ਤੋਂ ਉਲਟ ਗੁਜਰਦਾ ਹੈ, ਉਸ ਸਮੇਂ ਨੂੰ ਕਲਜੁਗ ਕਿਹਾ ਗਿਆ ਹੈ। ਜੇਕਰ ਏਸ ਸਮੇਂ ਨੂੰ ਕਲਜੁਗ ਮੰਨ ਵੀ ਲਿਆ ਜਾਵੇ ਤਾਂ ਕੁਝ ਲੋਕ ਕਲਜੁਗ ਨੂੰ ਇਸ ਕਰਕੇ ਵੀ ਮਾੜਾ ਕਹਿ ਰਹੇ ਹਨ ਕਿਉਂਕਿ ਇਸ ਵਿੱਚ ਅਖੌਤੀ ਸ਼ੂਦਰਾਂ, ਅਛੂਤਾਂ, ਮੂਲ ਵਾਸੀਆਂ ਨੂੰ ਅਧਿਕਾਰ ਮਿਲ ਰਹੇ ਹਨ।

**ਲੈਵੀ** - ਚਾਚੀ ਜੀ ਲੋਕ ਕਹਿੰਦੇ ਹਨ ਕਿ ਜੋ ਸਾਡੀ ਕਿਸਮਤ ਵਿੱਚ ਹੈ ਜਾਂ ਜਿਹੋ ਜਿਹੇ ਅਸੀਂ ਪਿਛਲੇ

ਜਨਮ ਵਿੱਚ ਕਰਮ ਕੀਤੇ ਹਨ ਉਹੀ ਕੁਝ ਮਿਲਣਾ ਹੈ। ਉਹੀ ਕੁਝ ਹੋਣਾ ਹੈ। ਨਾਲੇ ਗੁਰੂ ਰਵਿਦਾਸ ਜੀ ਵੀ ਤਾਂ ਇਹੀ ਗੱਲ ਕਹਿੰਦੇ ਹਨ ਕੇ ਪਰਮ ਪਾਰਸ ਗੁਰੂ ਤਦ ਹੀ ਮਿਲਦਾ ਹੈ ਜੇਕਰ ਪਿਛਲੇ ਜਨਮ ਦੇ ਚੰਗੇ ਭਾਗ ਹੋਣ। ਗੁਰੂ ਜੀ ਫਰਮਾਨ ਹੈ–

**ਪਰਮ ਪਰਸ ਗੁਰੁ ਭੇਟੀਐ, ਪੂਰਬ ਲਿਖਤ ਲਿਲਾਟ ॥**

**ਚਾਚੀ** - ਨਹੀਂ, ਲੈਵੀ ਗੁਰੂ ਰਵਿਦਾਸ ਜੀ ਕਿਸਮਤ ਜਾਂ ਪਿਛਲੇ ਜਨਮ ਦੇ ਕੀਤੇ ਕਰਮਾਂ ਵਾਲੇ ਤਰਕਹੀਣ ਸਿਧਾਂਤ ਦੇ ਪੱਖ ਵਿੱਚ ਨਹੀਂ ਹਨ। ਲੈਵੀ ਇਸ ਪਾਵਨ ਪੰਕਤੀ ਤੋਂ ਭਾਵ ਕਿ ਪਰਮ ਪਾਰਸ ਗੁਰੂ ਤਾਂ ਹੀ ਮਿਲਦਾ ਹੈ ਜੇਕਰ ਮਨੁੱਖ ਪਹਿਲਾਂ ਤੋਂ ਪਰਮ ਪਾਰਸ ਗੁਰੂ ਨੂੰ ਲੱਭਣ ਲਈ ਹੀ ਯਤਨਸ਼ੀਲ ਹੈ। ਭਾਵ ਉਸ ਦੀ ਵਿਚਾਰਧਾਰਾ ਨਾਲ ਓਤ ਪੋਤ ਹੋ ਰਿਹਾ ਹੈ। ਜਿਵੇਂ ਗੁਰੂ ਰਵਿਦਾਸ ਜੀ ਦਾ ਹੋਰ ਫੁਰਮਾਨ ਹੈ –

**ਗਿਆਨੈ ਕਾਰਨ ਕਰਮ ਅਭਿਆਸੁ,**
**ਗਿਆਨੁ ਭਇਆ ਤਹ ਕਰਮਹ ਨਾਸ ॥**

**ਭਾਵ** - ਗਿਆਨ ਪ੍ਰਾਪਤੀ ਲਈ ਮਨੁੱਖ ਨੂੰ ਕਰਮ ਭਾਵ, ਉੱਦਮ ਭਾਵ ਯਤਨ ਕਰਨਾ ਪੈਂਦਾ ਹੈ ਅਤੇ ਜਦੋਂ ਗਿਆਨ ਪ੍ਰਾਪਤ ਹੋ ਜਾਂਦਾ ਹੈ ਤਾਂ ਉਸ ਦੇ ਵਿਕਾਰਾਂ ਦਾ ਨਾਸ਼ ਹੋ ਜਾਂਦਾ ਹੈ। ਇਹ ਸਾਰੀਆਂ ਗੱਲਾਂ ਇਸ ਜਨਮ ਦੇ ਕੀਤੇ ਕਰਮਾਂ ਦੀਆਂ ਹਨ ਨਾ ਕਿ ਪਿਛਲੇ ਜਨਮ ਦੀਆਂ ਕਿਉਂਕਿ ਜੇਕਰ ਪਿਛਲੇ ਜਨਮ ਦੇ ਕੀਤੇ ਕਰਮਾਂ ਨੇ ਮਨੁੱਖ ਦਾ ਪਿੱਛਾ ਹੀ ਨਹੀਂ ਛੱਡਣਾ ਤਾਂ ਅਗਲੇ ਜਨਮ ਵਿੱਚ ਚੰਗੇ ਕਰਮ ਕਿਵੇਂ ਹੋ ਸਕਦੇ ਹਨ? ਗੁਰੂ ਰਵਿਦਾਸ ਜੀ ਇਸ ਨੂੰ ਹੋਰ ਸਪੱਸ਼ਟ ਕਰਦੇ ਹਨ –

**ਮਾਨੁਖਾ ਅਵਤਾਰ ਦੁਲਭ, ਤਿਹੀ ਸੰਗਤਿ ਪੋਚ ॥**

**ਭਾਵ** - ਐਹ ਮਨੁੱਖ ਤੇਰਾ ਜਨਮ ਬੜਾ ਦੁਰਲੱਭ ਹੈ ਪਰ ਤੇਰੀ ਸੰਗਤ ਬੜੇ ਭੈੜੇ ਤੇ ਪਸ਼ੂ ਬਿਰਤੀ ਵਿਚਾਰਾਂ ਨਾਲ ਹੈ।

**ਲੈਵੀ** - ਚਾਚੀ ਇਸ ਦਾ ਭਾਵ ਹੈ ਕਿ ਮਨੁੱਖ ਨੇ ਸੰਸਾਰ ਤੇ ਆ ਕੇ ਕੀ ਕੁਝ ਕਰਨਾ ਹੈ ਉਸ ਨਾਲ ਕੀ ਕੁਝ ਹੋਣਾ ਹੈ ਇਹ ਸਭ ਪ੍ਰਮਾਤਮਾ ਮਨੁੱਖ ਦੇ ਜਨਮ ਤੋਂ ਪਹਿਲਾਂ ਉਸ ਦੀ ਕਿਸਮਤ ਵਿੱਚ ਲਿਖ ਕੇ ਬਿਲਕੁਲ ਨਹੀਂ ਭੇਜਦਾ?

**ਚਾਚੀ** - ਹਾਂ, ਲੈਵੀ ਕਿਸਮਤ ਰੱਬ ਵੱਲੋਂ ਨਹੀਂ ਬਣਾਈ ਜਾਂਦੀ ਇਹ ਮਨੁੱਖ ਵੱਲੋਂ ਆਪ ਬਣਾਈ ਜਾਂਦੀ ਹੈ। ਪ੍ਰਮਾਤਮਾ ਦਾ ਵਿਧਾਨ ਤਾਂ ਇਹ ਹੈ ਕਿ ਮਨੁੱਖ ਜੋ ਕੁਝ ਬਣਨਾ ਚਾਹੁੰਦਾ ਹੋਵੇ ਪਰਮਾਤਮਾ ਉਸ ਨੂੰ ਉਹੋ ਜਿਹਾ ਬਣਨ ਵਿੱਚ ਉਸ ਦੀ ਸਹਾਇਤਾ ਕਰਦਾ ਹੈ ਜੇਕਰ ਮਨੁੱਖ ਉੱਦਮ ਨਹੀਂ ਕਰਦਾ ਅਤੇ ਗੁਲਾਮੀ ਵੱਲ ਨੂੰ ਵਧ ਰਿਹਾ ਹੈ ਤਾਂ ਪ੍ਰਮਾਤਮਾ ਉਸ ਨੂੰ ਗੁਲਾਮ ਰੱਖਣ ਦੇ ਹੀਲੇ ਤਿਆਰ ਕਰਦਾ ਹੈ।

**ਲੈਵੀ** - ਪਰ ਚਾਚੀ ਮੈਂ ਤਾਂ ਆਪਣਾ ਜੀਵਨ ਸੁਖਾਲਾ ਕਰਨ ਲਈ ਬੜੀਆਂ ਪੜ੍ਹਾਈਆਂ ਪੜ੍ਹੀਆਂ ਮਿਹਨਤਾਂ ਅਤੇ ਕੋਸ਼ਿਸ਼ਾਂ ਕੀਤੀਆਂ ਹਨ ਪਰ ਫਿਰ ਵੀ ਮੈਂ ਸਫ਼ਲ ਨਹੀਂ ਹੋਈ। ਫਿਰ ਇੱਥੇ ਰੱਬ ਨੇ ਮੇਰੀ ਕਿਸਮਤ ਚੰਗੀ ਕਿਉਂ ਨਹੀਂ ਬਣਾਈ?

**ਚਾਚੀ** - ਲੈਵੀ ਤੂੰ ਬਿਲਕੁਲ ਠੀਕ ਕਹਿੰਦੀ ਹੈ। ਪਰ ਤੇਰੀ ਚੰਗੀ ਕਿਸਮਤ ਕੇਵਲ ਤੇਰੇ ਕੀਤੇ ਚੰਗੇ ਕਰਮਾਂ ਨਾਲ ਨਹੀਂ ਬਨਣੀ ਇਸ ਵਿੱਚ ਤੇਰੇ ਪਰਿਵਾਰ, ਸਮਾਜ, ਧਰਮ, ਕੌਮ, ਦੇਸ਼ ਅਤੇ ਸਮੁੱਚੇ ਸੰਸਾਰ ਦਾ ਵੀ ਅਹਿਮ ਯੋਗਦਾਨ ਲੋੜੀਂਦਾ ਹੈ ਤੇ ਆਖਰ ਵਿੱਚ ਕੁਝ ਹਿੱਸਾ ਪ੍ਰਮਾਤਮਾ ਦੀ ਰਜਾ, ਹੁਕਮ, ਜਾਂ ਭਾਣੇ ਦਾ ਵੀ ਹੁੰਦਾ ਹੈ।

**ਲੈਵੀ** - ਪਰ ਚਾਚੀ ਪਿਛਲੇ ਹਜ਼ਾਰਾਂ ਸਾਲਾਂ ਤੋਂ ਮੁੱਠੀ ਭਰ ਅਖੌਤੀ ਉੱਚ ਜਾਤੀ ਅਮੀਰ ਲੋਕ ਬੜਾ

ਸੁਖਾਲਾ, ਸਨਮਾਨ ਭਰਪੂਰ ਜੀਵਨ ਬਤੀਤ ਕਰਦੇ ਆ ਰਹੇ ਹਨ ਅਤੇ ਗਰੀਬਾਂ ਤੇ ਨੀਵੀਆਂ ਜਾਤਾਂ ਦਾ ਸੋਸ਼ਣ ਕਰਦੇ ਹਨ ਇਸ ਵਿੱਚ ਰੱਬ ਉਨ੍ਹਾਂ ਦੀ ਸਹਾਇਤਾ ਕਿਉਂ ਕਰਦਾ ਹੈ?

**ਚਾਚੀ** - ਲੈਵੀ ਜਿਵੇਂ ਮੈਂ ਪਹਿਲਾਂ ਵੀ ਰੱਬ ਦੀ ਸਹਾਇਤਾ ਦਾ ਜ਼ਿਕਰ ਕੀਤਾ ਹੈ ਉਸੇ ਤਰ੍ਹਾਂ ਇਹ ਲੋਕ ਅਖੌਤੀ ਨੀਵਿਆਂ ਨੂੰ ਗੁਲਾਮ ਬਣਾਉਣ ਤੇ ਸ਼ੋਸ਼ਣ ਕਰਨ ਦਾ ਯਤਨ ਕਰਦੇ ਹਨ ਅਤੇ ਨੀਵੇਂ ਲੋਕ ਸੰਗਠਿਤ ਹੋ ਕੇ ਇਸ ਗੁਲਾਮੀ ਤੋਂ ਉੱਠਣ ਲਈ ਉੱਦਮ ਨਹੀਂ ਕਰਦੇ ਅਤੇ ਉਸੇ ਹਾਲਾਤ ਵਿੱਚ ਰਹਿਣਾ ਪਸੰਦ ਕਰਦੇ ਹਨ। ਇਸ ਕਰਕੇ ਜ਼ਿੰਦਗੀ ਵਿਚ ਦੁੱਖ ਭੋਗਦੇ ਹਨ।

**ਲੈਵੀ** - ਚਾਚੀ ਫਿਰ ਪੁੰਨ ਅਤੇ ਪਾਪ, ਚੰਗੇ ਅਤੇ ਮੰਦੇ ਕਰਮਾ ਵਿੱਚ ਕੀ ਅੰਤਰ ਹੋਇਆ? ਕਿਹਾ ਜਾਂਦਾ ਹੈ ਕਿ ਚੰਗੇ ਕੰਮਾਂ ਦਾ ਚੰਗਾ ਨਤੀਜਾ ਮਾੜੇ ਕੰਮਾਂ ਦਾ ਮਾੜਾ ਨਤੀਜਾ।

**ਚਾਚੀ** - ਪੁੰਨ ਤੇ ਪਾਪ, ਚੰਗੇ ਤੇ ਮੰਦੇ ਕਰਮ ਅਲੱਗ ਅਲੱਗ ਤਰ੍ਹਾਂ ਦੇ ਹੁੰਦੇ ਹਨ ਅਤੇ ਇਨ੍ਹਾਂ ਦਾ ਨਤੀਜਾ ਵੀ ਅਲੱਗ ਅਲੱਗ ਹੁੰਦਾ ਹੈ ਅਤੇ ਘੁੰਮ ਕੇ ਫਿਰ ਉਹੀ ਗੱਲ ਆਉਂਦੀ ਹੈ ਕਿ ਇਸ ਵਿੱਚ ਇਹ ਗੱਲ ਵੀ ਮਾਇਨੇ ਰੱਖਦੀ ਹੈ ਕਿ ਇਹ ਕਰਮ ਕਰਨ ਵਾਲੇ ਲੋਕਾਂ ਦਾ ਧਾਰਮਿਕ, ਸਮਾਜਿਕ ਤੇ ਆਰਥਿਕ ਪੱਧਰ ਕੀ ਹੈ।

**ਲੈਵੀ** - ਚਾਚੀ ਜੀ ਇਸ ਦਾ ਭਾਵ ਇਹ ਹੈ ਕਿ ਸੰਸਾਰ ਵਿਚ ਜੋ ਵੀ ਵਰਤਾਰਾ ਵਰਤ ਰਿਹਾ ਹੈ ਇਹ ਦੁਨੀਆਂ ਦੇ ਲੋਕਾਂ ਦੁਆਰਾ ਕੀਤੇ ਕਰਮਾਂ ਅਨੁਸਾਰ ਹੀ ਹੋ ਰਿਹਾ ਹੈ ਦੁਨੀਆਂ ਦੇ ਨੀਵਿਆਂ, ਗਰੀਬਾਂ, ਦਲਿਤਾਂ ਤੇ ਜ਼ੁਲਮ ਸਹਿੰਦੇ ਲੋਕਾਂ ਨੇ ਜੇਕਰ ਦੁੱਖਾਂ ਤੋਂ ਨਿਜ਼ਾਤ ਲੈਣੀ ਹੈ ਤਾਂ ਉਨ੍ਹਾਂ ਨੂੰ ਇਕੱਠੇ ਹੋ ਕੇ ਕੰਮ ਕਰਨੇ ਪੈਣਗੇ ਫਿਰ ਹੀ ਪ੍ਰਮਾਤਮਾ ਨੇ ਉਨ੍ਹਾਂ ਦੀ ਸਹਾਇਤਾ ਕਰਨੀ ਹੈ।

**ਚਾਚੀ** - ਹਾਂ ਲੈਵੀ ਗੁਰਬਾਣੀ ਦਾ ਵੀ ਇਹੀ ਫ਼ਰਮਾਨ ਹੈ –

**ਉਦਮ ਕਰੇਦਿਆਂ ਜੀਉ, ਤੂੰ ਕਮਾਵਦਿਆ ਸੁਖ ਭੁੰਚੁ ॥**

ਹੇ ਮਨੁੱਖ ਤੂੰ ਉੱਦਮ ਕਰਦਿਆਂ ਹੋਇਆਂ ਚੰਗੀ ਕਮਾਈ ਕਰਕੇ ਹੀ ਸੁੱਖ ਦੀ ਪ੍ਰਾਪਤੀ ਕਰ ਸਕਦਾ ਹੈ। ਸਾਡੇ ਗੁਰੂ ਸਾਹਿਬਾਨਾਂ ਨੇ ਬੜੇ ਵੱਡੇ–ਵੱਡੇ ਉੱਦਮ ਕੀਤੇ ਆਪਣੀਆਂ ਵਿਸ਼ਵ ਵਿਆਪੀ ਵਿਚਾਰਧਾਰਾਵਾਂ ਪ੍ਰਦਾਨ ਕੀਤੀਆਂ, ਆਪਣੇ ਜੀਵਨ ਦੀਆਂ ਕੁਰਬਾਨੀਆਂ ਦਿੱਤੀਆਂ, ਜਾਤ ਪਾਤ ਛੂਅ ਛਾਤ ਨੂੰ ਖਤਮ ਕੀਤਾ ਤਾਂ ਕਿ ਇਹ ਲੋਕ ਇਕੱਠੇ ਹੋ ਕੇ ਜਬਰ ਜ਼ੁਲਮ ਦਾ ਟਾਕਰਾ ਕਰ ਸਕਣ। ਪਰ ਮੂਲ ਵਾਸੀ, ਸ਼ੂਦਰਾਂ ਅਤੇ ਅਛੂਤਾਂ ਉੱਤੇ ਇਨ੍ਹਾਂ ਗੱਲਾਂ ਦਾ ਕੋਈ ਅਸਰ ਨਹੀਂ ਹੋਇਆ। ਸਗੋਂ ਇਹ ਹੋਰ ਭਿਆਨਕ ਗੁਲਾਮੀ ਵੱਲ ਵਧ ਰਹੇ ਹਨ।

**ਲੈਵੀ** - ਚਾਚੀ ਇਸ ਗੁਲਾਮੀ ਤੋਂ ਬਚਣ ਲਈ ਇਸ ਵਕਤ ਹੋਰ ਕੀ ਹੱਲ ਹੋ ਸਕਦਾ ਹੈ?

**ਚਾਚੀ** - ਲੈਵੀ ਇਸ ਵਕਤ ਸਿਰਫ਼ ਹੁਣ ਇੱਕੋ ਇੱਕ ਹੱਲ ਹੀ ਬਚਿਆ ਹੈ ਕਿ ਭਾਰਤ ਦੇ ਸੰਵਿਧਾਨ ਨੂੰ ਬਚਾਉਣ ਦਾ ਜੋ ਕਿ ਗੁਰੂ ਸਾਹਿਬਾਨਾਂ ਦੀ ਸਰਬਸਾਂਝੀ ਵਿਚਾਰਧਾਰਾ, ਸੰਘਰਸ਼ ਅਤੇ ਉਹਨਾਂ ਦੇ ਮਾਨਵੀ ਕਲਿਆਣ ਉਪਦੇਸ਼ਾਂ ਤੇ ਆਧਾਰਤ ਹੈ। ਜੇਕਰ ਅਸੀਂ ਇਸ ਸੰਵਿਧਾਨ ਨੂੰ ਬਚਾਉਣ ਅਤੇ ਲਾਗੂ ਕਰਨ ਵਿਚ ਸਫ਼ਲ ਹੋ ਜਾਂਦੇ ਹਾਂ ਤਾਂ ਹੀ ਸਾਡਾ ਕੁੱਝ ਬਚ ਸਕਦਾ ਹੈ, ਨਹੀਂ ਤਾਂ ਗੁਰੂ ਸਾਹਿਬਾਨਾਂ ਦੇ ਸੈਂਕੜੇ ਸਾਲਾਂ ਦੀਆਂ ਕੁਰਬਾਨੀਆਂ ਤੇ ਕੋਸ਼ਿਸ਼ਾਂ ਬੇਕਾਰ ਹੋ ਜਾਣਗੀਆਂ।

**ਲੈਵੀ** - ਚਾਚੀ ਜੀ ਮੈਂ ਇਹ ਪ੍ਰਣ ਕਰਦੀ ਹਾਂ ਕਿ ਮੈਂ ਇਸ ਸੰਵਿਧਾਨ ਨੂੰ ਬਚਾਉਣ ਲਈ ਆਪਣਾ ਪੂਰਾ ਜੀਵਨ ਨਿਛਾਵਰ ਕਰ ਦੇਵਾਂਗੀ।

**ਚੰਗਾ ਚਾਚੀ - ਜੈ ਗੁਰੂਦੇਵ !**

**ਚਾਚੀ** - ਧੰਨ ਗੁਰੂਦੇਵ ਲੈਵੀ।

# ਇਨਕਲਾਬੀ ਰਹਿਨੁਮਾ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 643ਵੇਂ ਆਗਮਨ ਪੁਰਬ ਦੀ ਲੱਖ-ਲੱਖ ਵਧਾਈ

ਗੁਰੂ ਸਾਹਿਬਾਨਾਂ ਦੇ ਪ੍ਰਕਾਸ਼ ਦਿਹਾੜਿਆਂ ਤੇ ਨਗਰ ਕੀਰਤਨ ਸਜਾਉਣ ਲਈ ਪਾਲਕੀ ਸਾਹਿਬ (ਬੱਸ) ਲਈ ਸੰਪਰਕ ਕਰੋ।



## ਤੇਜਿੰਦਰ ਚੋਪੜਾ

**ਚੋਪੜਾ ਇਲੈਕਟਰੀਕਲਜ਼**


ਆਦਮਪੁਰ ਰੋਡ, ਭੋਗਪੁਰ, ਜ਼ਿਲ੍ਹਾ ਜਲੰਧਰ

98159-63269, 97791-38521 ਜਾਂ visit at www.begumpuramission.com



## ਭਾਈ ਦਿਲਬਾਗ ਸਿੰਘ

ਕੀਰਤਨੀ ਜੱਥਾ, ਪਿੰਡ ਤੇ ਡਾਕਖਾਨਾ
ਬਿਨਪਾਲਕੇ, ਨੇੜੇ ਭੋਗਪੁਰ, ਜ਼ਿਲ੍ਹਾ ਜਲੰਧਰ,
ਮੋਬਾਇਲ ਨੰਬਰ - 97811-12944



ਮਿਸ਼ਨਰੀ ਬੱਚੇ



ਸ੍ਰੀ ਦਲੀਪ ਚੰਦ ਕਟਾਰੀਆ ਅਤੇ ਉਨ੍ਹਾਂ ਦੀ ਸੁਪਤਨੀ ਸ੍ਰੀਮਤੀ ਬਲਬੀਰ ਕੌਰ ਪਿੰਡ ਪਾਲ ਨੌ ਫਿਲੌਰ



ਜਪਨੂਰ ਕੌਰ (ਅੰਮ੍ਰਿਤਸਰ)



ਰਿਹਾਨ ਚੋਪੜਾ (ਰਾਸਤਗੋ)



ਗੁਰਨੂਰ ਗਹਿਲੜਾਂ



ਸੀਰਤ ਗਹਿਲੜਾ



ਸਾਹਿਬਜੋਤ ਸਿੰਘ (ਮਾਣਕਰਾਏ)



ਤਰਨਵੀਰ (ਬਿਨਪਾਲਕੇ)

# Put Your Thoughts On Begumpura Mission Portal




**BEGUMPURA MISSION : A SOCIAL INFORMATION CENTER**


**ਗੁਰੂ ਰਵਿਦਾਸ, ਆਦਿਵਾਸੀ ਰਹਿਬਰਾਂ ਦੇ ਬੇਗ਼ਮਪੁਰੇ ਦੀ ਵਿਚਾਰਧਾਰਾ ਨੂੰ ਜਾਨਣ ਲਈ visit at www.begumpuramission.com**



ਬੇਗ਼ਮਪੁਰਾ ਮਿਸ਼ਨ ਡਾਟ ਕਾਮ ਵੈੱਬਸਾਈਟ ਲਾਂਚ ਕਰਦੇ ਹੋਏ ਬੁੱਧੀਜੀਵੀ ਪ੍ਰੋ. ਲਾਲ ਸਿੰਘ ਅਤੇ ਸੰਸਥਾ ਦੇ ਮੈਂਬਰ

ਖੁਰਾਲਗੜ੍ਹ ਸਾਹਿਬ ਵਿਖੇ ਵਿਸਾਖੀ 'ਤੇ ਫ੍ਰੀ ਮੈਡੀਕਲ ਕੈਂਪ ਦੌਰਾਨ ਡਾ. ਸ਼ਮਾ ਬਿਨਪਾਲਕੇ ਮਰੀਜ਼ਾਂ ਦੀ ਜਾਂਚ ਕਰਦੇ ਹੋਏ





ਨਵਜੋਤ, ਨਵਰੂਪ ਅਤੇ ਅਰਸ਼ਦੀਪ ਕੈਨੇਡੀਅਨ

Design : WP&S # 98153-78692